# CHARE PALLU CHOLRI NAIN RONDI DE BHINNE

# ਚਾਰੇ ਪੱਲੂ ਚੋਲੜੀ, ਨੈਣ ਰੋਂਦੀ ਦੇ ਭਿੰਨੇ

ਡਾ. ਲਖਵੀਰ ਲੈਜ਼ੀਆ (Dr. Lakhvir Lezia)

ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ,

ਪੰਜਾਬ ਕੇਂਦਰੀ ਯੂਨੀਵਰਸਿਟੀ ਘੁੱਦਾ , ਬਠਿੰਡਾ (ਪੰਜਾਬ)

Email ID: Lezia.lakhvir@gmail.com ਮੋਬਾਈਲ: +91-75890-88435

**ਸਾਰ (Abstract)**

*ਮਨੁੱਖ ਦੇ ਅੰਦਰ ਛੁਪੀ ਹੋਈ ਗਿਆਨ ਦੀ ਕਸਤੂਰੀ ਹੀ ਉਸ ਦਾ ਅਸਲ ਮਿੱਤਰ ਹੈ। ਜਿਵੇਂ ਕਾਲੇ ਹਿਰਨ ਦੇ ਅੰਦਰ ਇਹ ਕਸਤੂਰੀ ਉਸ ਦੇ ਅੰਦਰਲੇ ਗੁਣਾਂ ਕਾਰਨ ਪ੍ਰਗਟ ਹੋਈ ਹੈ। ਉਹ ਪ੍ਰਕਿਰਤੀ ਪ੍ਰੇਮੀ ਹੈ। ਆਪਣੇ-ਆਪ ਨੂੰ ਪ੍ਰਕਿਰਤੀ ਦੀ ਗੋਦ ਵਿੱਚ ਸੁਰੱਖਿਅਤ ਸਮਝਦਾ ਹੈ। ਦੂਸਰੇ ਜਾਨਵਰਾਂ ਨੂੰ ਕਸ਼ਟ ਨਹੀਂ ਦਿੰਦਾ ਤੇ ਨਾ ਹੀ ਉਹਨਾਂ ਦਾ ਸ਼ਿਕਾਰ ਕਰਦਾ ਹੈ। ਕਾਲਾ ਹਿਰਨ ਕਸਤੂਰੀ ਦੀ ਸੁਗੰਧ ਵਿੱਚ ਦਿਨ-ਰਾਤ ਮਸਤ ਰਹਿੰਦਾ ਹੈ। ਉਸ ਦੀ ਇਹ ਮਧੁਰ ਸੁਗੰਧੀ ਸਮੁੱਚੇ ਵਾਤਾਵਰਨ ਨੂੰ ਮਹਿਕਾ ਦਿੰਦੀ ਹੈ। ਠੀਕ ਇਸੇ ਤਰ੍ਹਾਂ ਭਗਤੀ ਅਤੇ ਬੰਦਗੀ ਦੀ ਸਾਕਾਰਤਮਕ ਊਰਜਾ ਦੂਰ-ਦੂਰ ਤੱਕ ਫ਼ੈਲ ਜਾਂਦੀ ਹੈ। ਹੁਸੈਨ ਫ਼ਕੀਰ ਕਹਿ ਰਿਹਾ ਹੈ ਕਿ ਆਪਣੇ ਅੰਦਰ ਗਿਆਨ, ਪ੍ਰੇਮ, ਆਸ਼ਕ ਤੇ ਇਸ਼ਕ ਦੀ ਸੁਗੰਧੀ ਦੀ ਕਸਤੂਰੀ ਪੈਦਾ ਕਰੋ ਤੇ ਸਮਾਜ ਨੂੰ ਸੁਗੰਧ ਨਾਲ ਭਰ ਦਿਓ। ਜਿਸ ਕਸਤੂਰੀ ਦੀ ਪ੍ਰਾਪਤੀ ਲਈ ਤੁਸੀਂ ਇਸ ਨਿਰਦੋਸ਼ ਤੇ ਭੋਲੇ ਜੀਵ ਨੂੰ ਮਾਰ ਰਹੇ ਹੋ, ਇਸ ਨੂੰ ਮਾਰਨ ਦੀ ਬਜਾਇ ਆਪਣੇ ਅੰਦਰਲੇ ਵਿਕਾਰ, ਲੋਭ, ਲਾਲਚ, ਲਾਲਸਾ, ਲਲਕ ਕਾਮ, ਕ੍ਰੋਧ, ਮੋਹ, ਹੰਕਾਰ ਆਦਿ ਨੂੰ ਮਾਰੋ। ਇਹਨਾਂ ਸਭ ਵਿਕਾਰਾਂ ਨੂੰ ਮਾਰੋਗੇ ਤਾਂ ਇਹ ਕਸਤੂਰੀ ਅੰਦਰੋਂ ਹੀ ਪ੍ਰਾਪਤ ਹੋ ਜਾਏਗੀ। ਮਨੁੱਖ ਦੇ ਅੰਦਰਲੇ ਗਿਆਨ ਦੀ ਕਸਤੂਰੀ ਹੀ ਵਾਸਤਵ ਵਿੱਚ ਉਸ ਦੇ ਭਿੰਨੇ ਨੈਣਾ ਦਾ ਤੋੜ ਹੈ। ਕਾਲੇ ਹਿਰਨ ਦੇ ਗੁਣ, ਚੇਤਨਾ, ਸੰਵੇਦਨਾ, ਕੋਮਲਤਾ, ਪ੍ਰਕਿਰਤੀ, ਪ੍ਰਤਿ ਉਸ ਦੀ ਸੁਹਿਰਦਤਾ ਹੀ ਉਸ ਦਾ ਚਾਨਣ ਹੈ। ਹੁਸੈਨ ਫ਼ਕੀਰ ਨੇ ਇੱਥੇ ਹਿਰਨ ਦੀ ਮਸਤੀ ਨੂੰ ਗਾਉਣ ਸੁਰ 'ਚ ਦਰਸਾਇਆ ਹੈ। ਇਸ ਨੂੰ ਅਮਲੀ ਪੱਧਰ 'ਤੇ ਪੇਸ਼ ਕੀਤਾ ਹੈ। ਇਹ ਵਾਸਤਵਿਕਤਾ ਸਮਾਜਿਕਤਾ ਨਾਲੋਂ ਨਿਖੜਵੀਂ ਵੀ ਨਹੀਂ ਹੈ ਅਤੇ ਨਿਖੇੜੀ ਵੀ ਨਹੀਂ ਜਾ ਸਕਦੀ ਸਗੋਂ ਉਸ ਦੀ ਜਟਿਲਤਾ 'ਚ ਵਿਦਮਾਨ ਹੈ। ਇਸ ਜਟਿਲਤਾ ਨੂੰ ਸਰਲਤਾ ਰਾਹੀਂ ਪੇਸ਼ ਕਰਨ ਲਈ ਕਾਲੇ ਹਿਰਨ ਦਾ ਪ੍ਰਤੀਕ ਚੁਣਿਆ ਹੈ ਜੋ ਕਿ ਹੁਸੈਨ ਫ਼ਕੀਰ ਦੀ ਕਾਵਿ-ਕਲਾ ਦੀ ਸਿਰਜਣਾਤਮਕ ਪ੍ਰਤਿਭਾ ਨੂੰ ਪੇਸ਼ ਕਰਦਾ ਹੈ।*

***ਕੀਵਰਡ (Keyword): ਸੁਨਹਿਰੀ, ਸੱਭਿਆਚਾਰ, ਸੰਵੇਦਨਾ, ਸਰਬ-ਸਾਂਝੀਵਾਲਤਾ, ਦਰਸ਼ਨ, ਸੂਫ਼ੀਮਤ, ਮਨੋਰਥ, ਪ੍ਰਯੋਜਨ, ਅਧਿਆਤਮ।***

ਹੁਸੈਨ ਫ਼ਕੀਰ ਦਾ ਸਮਾਂ ਸੋਲਵੀਂ ਸਦੀ ਦਾ ਹੈ। ਮੱਧਕਾਲੀ ਸਾਹਿਤ ਸਿਰਜਣਾ ਦਾ ਇਹ ਸੁਨਹਿਰੀ ਕਾਲ ਸੀ। ਵੱਖੋ-ਵੱਖ ਧਰਾਵਾਂ, ਪਰੰਪਰਾਵਾਂ ਹੋਣ ਦੇ ਬਾਵਜੂਦ ਸਾਰਿਆ ਦਾ ਉਦੇਸ਼, ਮਨੋਰਥ, ਪ੍ਰਯੋਜਨ, ਆਮ-ਅਵਾਮ,ਹੀਣਿਆਂ, ਨੀਵਿਆਂ , ਨਿਮਾਣਿਆਂ , ਨਿਤਾਣਿਆਂ, ਅਤੇ ਕੰਮੀ-ਕਮੀਨਾਂ ਨੂੰ ਜਾਗ੍ਰਿਤ ਅਤੇ ਚੇਤਨ ਕਰਨਾ ਸੀ। ਇਹਨਾਂ ਨੂੰ ਜ਼ਬਰ-ਜ਼ੁਲਮ ਤੋਂ ਨਿਜ਼ਾਤ ਦਿਵਾਉਣਾ, ਉਸ ਸਮੇਂ ਦੇ ਸੰਤਾਂ, ਭਗਤਾਂ, ਗੁਰੂਆਂ, ਸੂਫ਼ੀ ਸਾਧਕਾ ਅਤੇ ਕਿੱਸਾਕਾਰਾਂ ਦਾ ਪ੍ਰਮੁੱਖ ਉਦੇਸ਼ ਸੀ। ਉਸ ਸਮੇਂ ਦਾ ਸਰਬ ਸਾਂਝਾ ਪੰਜਾਬ ਇਹਨਾਂ ਸਾਰੀਆਂ ਧਰਾਵਾਂ ਵਿੱਚੋਂ ਝਲਕਦਾ ਹੈ। 16ਵੀਂ ਸਦੀ ਦੇ ਪੰਜਾਬ ਦੀ ਬਣਤਰ ਤੇ ਬੁਣਤਰ ਦੋਵੇਂ ਉਸ ਸਮੇਂ ਦਾ ਮਿਸ਼ਰਤ, ਸਾਂਝਾ ਸਮਾਜ ਅਤੇ ਸੱਭਿਆਚਾਰ ਹੈ। ਉਸ ਸਾਂਝੀ ਵਿਰਾਸਤ ਨੂੰ ਬਣਾਈ ਰੱਖਣ ਲਈ ਸਭ ਨੇ ਆਪੋ-ਆਪਣਾ ਸਹਿਯੋਗ ਦਿੱਤਾ। ਇਸ ਸੰਦਰਭ ਵਿੱਚ ਜਦੋਂ ਅਸੀਂ ਪੰਜਾਬੀ ਸੂਫ਼ੀਮਤ ਦੀ ਸੁਰ ਵੇਖਦੇ ਹਾਂ ਤੇ ਇਹ ਸਰੋਦੀ ਕਾਵਿ-ਰੂਪ ਹੈ। ਇਹ ਅਜਿਹਾ ਕਾਵਿ ਹੈ ਜਿਸ ਨੂੰ ਗਾਇਨ ਦੇ ਰੂਪ ਵਿੱਚ ਵੇਖਿਆ ਤੇ ਸੁਣਿਆ ਜਾਂਦਾ ਹੈ, ਜਿਸ ਨੇ ਸਮੁੱਚੇ ਜਨ-ਜੀਵਨ ਨੂੰ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਈ। ਇਹਨਾਂ ਫ਼ਕੀਰਾਂ ਨੇ ਸਮਾਜ ਸੱਭਿਆਚਾਰਕ ਸਾਂਝ ਨੂੰ ਹੀ ਨਹੀਂ ਪੇਸ਼ ਕੀਤਾ, ਸਗੋਂ ਵੱਖੋ-ਵੱਖ ਧਰਮਾਂ ਦਾ ਸਮਨਵੈਂ ਵੀ ਕਰਵਾਇਆ,ਜਿਸ ਨੇ ਸਮੁੱਚੀ ਲੋਕਾਈ ਨੂੰ ਆਪਸੀ ਸਾਂਝ, ਪ੍ਰੇਮ-ਪਿਆਰ ਅਤੇ ਏਕਤਾ ਦੇ ਸੂਤਰ ਵਿੱਚ ਪਰੋਈ ਰੱਖਣ ਵਿੱਚ ਵਿਸ਼ੇਸ਼ ਤੇ ਵਿਲੱਖਣ ਭੂਮਿਕਾ ਨਿਭਾਈ। ਅੱਜ ਵੀ ਇਹ ਸਰੋਦੀ ਕਾਵਿ ਦੇ ਰੂਪ ਵਿੱਚ ਲੋਕਾਂ ਦੇ ਦਿਲਾਂ

'ਚ ਆਪਣਾ ਪ੍ਰਭਾਵ ਰੱਖਦਾ ਹੈ।

*ਚਾਰੇ ਪੱਲੂ ਚੋਲੜੀ ਨੈਣ ਰੋਂਦੀ ਦੇ ਭਿੰਨੇ।ਰਹਾਉ।*

*ਕੱਤਿ ਨ ਜਾਣਾ ਪੂਣੀਆਂ ਦੋਸ਼ ਦੇਨੀ ਆਂ ਮੁੰਨੇ,*

*ਆਵਣ ਆਵਣ ਕਹਿ ਗਏ ਮਾਹਿ ਬਾਰਾਂ ਪੁੰਨੇ।1।*

*ਇੱਕ ਹਨੇਰੀ ਕੋਠੜੀ ਦੂਜੇ ਮਿੱਤਰ ਵਿਛੁੰਨੇ,*

*ਕਾਲੇ ਹਰਨਾ ਚਰ ਗਇਓ ਸ਼ਾਹ ਹੁਸੈਨ ਦੇ ਬੰਨੇ।2।* [1]

ਹੁਸੈਨ ਫ਼ਕੀਰ ਦੀ ਕਾਫ਼ੀ ***"ਚਾਰੇ ਪੱਲੂ ਚੋਲੜੀ ਨੈਣ ਰੋਂਦੀ ਦੇ ਭਿੰਨੇ।"*** ਸੂਫ਼ੀ ਸਾਧਕ ਹੁਸੈਨ ਫ਼ਕੀਰ ਦੀ ਕਾਫ਼ੀ ਔਰਤ ਦੀ ਵਿਯੋਗੀ ਪੀੜ ਨਾਲ ਓਤਪੋਤ ਹੈ। ਇਹ ਕਾਫ਼ੀ ਵਿੱਚ ਔਰਤ ਦੀ ਵੇਦਨਾ ਦੀ ਸੁਰ ਗੂੰਜਦੀ ਹੈ। ਉਸ ਵੇਲੇ ਦੀ ਸਮਾਜਿਕ, ਸੱਭਿਆਚਾਰਕ ਤੇ ਧਾਰਮਿਕ ਪੱਧਰ ਦੀ ਬਣਤਰ ਤੇ ਬੁਣਤਰ ਨੂੰ ਗਹੁ ਨਾਲ ਦੇਖੀਏ ਤਾਂ ਉਸ ਸਮੇਂ ਔਰਤ ਦੀ ਹਯਾਤੀ ਅਤਿ-ਕਰੁਣਾਮਈ ਸੀ। ਉਸ ਨੂੰ ਸਮਾਜ ਵਿੱਚ ਕੋਈ ਸਤਿਕਾਰ ਨਹੀਂ ਦਿੱਤਾ ਜਾਂਦਾ ਸੀ,ਸਗੋਂ ਵਸਤ ਪੱਧਰ ਤੱਕ ਘਟਾ ਕੇ ਦੇਖਿਆ ਜਾਂਦਾ ਸੀ। ਹੁਸੈਨ ਨੇ ਇਸ ਕਾਫ਼ੀ ਵਿੱਚ ਔਰਤ, ਔਰਤ ਦੀ ਵੇਦਨਾ ਅਤੇ ਸੰਵੇਦਨਾ ਨੂੰ ਕੇਂਦਰ ਵਿੱਚ ਰੱਖਿਆ ਹੈ। ਇਹ ਕਾਫ਼ੀ ਸਿਰਫ਼ ਔਰਤ ਦੀ ਵੇਦਨਾ ਬਾਰੇ ਹੀ ਨਹੀਂ ਦੱਸਦੀ ਸਗੋਂ ਉਸ ਦੁਆਰਾ ਕੀਤੀ ਜਾ ਰਹੀ ਕਿਰਤ ਦੇ ਸ਼ੋਸ਼ਣ ਬਾਰੇ ਵੀ ਦੱਸਦੀ ਹੈ। ਇਸ ਕਾਫ਼ੀ ਵਿੱਚ ਹੁਸੈਨ ਨੇ ਉਸ ਵੇਲੇ ਦੇ ਕਾਰੋਬਾਰੀ ਨਿਜ਼ਾਮ ਵਿੱਚ ਔਰਤ ਵੱਲੋਂ ਕੀਤਾ ਜਾ ਰਿਹਾ ਕੰਮ ਅਤੇ ਉਸ ਦੇ ਬਦਲੇ ਵਿੱਚ ਉਸ ਨੂੰ ਮਿਲਣ ਵਾਲੀ ਜ਼ਿਲਤ ਦੀ ਪੇਸ਼ਕਾਰੀ ਕੀਤੀ ਹੈ ਕਿ ਕਿਸ ਪ੍ਰਕਾਰ ਉਸ ਦੁਆਰਾ ਕੀਤੇ ਜਾ ਰਹੇ ਕੰਮ ਅਤੇ ਕਿਰਤ ਨੂੰ ਲੁੱਟਣ ਅਤੇ ਠੱਗਣ ਢੰਗ ਤਰੀਕੇ ਅਪਣਾਏ ਜਾਂਦੇ ਸਨ। ਜੇਕਰ ਅਸੀਂ ਇਸ ਕਾਫ਼ੀ ਨੂੰ ਪਿਛਲੀਆਂ ਕਾਫੀ ਨਾਲ ਜੋੜ ਕੇ ਪੜੀਏ ਤਾਂ ਇਸ ਦੀ ਰਮਜ਼ ਅਸਲੋਂ ਨਿਵੇਕਲੀ ਬਣਦੀ ਹੈ। ਹੁਸੈਨ ਫ਼ਕੀਰ ਦੀ ਆਪਣੀ ਜ਼ਿੰਦਗੀ ਇਹ ਦੇਖਦਿਆਂ-ਦੇਖਦਿਆਂ ਗੁਜ਼ਰ ਗਈ ਭਾਵ ਲੰਘ ਗਈ ਹੈ ਕਿ ਔਰਤ ਲਗਾਤਾਰ ਕਤਾਈ ਦਾ ਕੰਮ ਕਰ ਰਹੀ ਹੈ, ਇਹ ਕੰਮ ਉਸ ਪਾਸੋਂ ਜ਼ੋਰ-ਜ਼ਬਰੀ ਕਰਵਾਇਆ ਜਾਂਦਾ ਹੈ, ਪਰ ਫਿਰ ਵੀ ਉਸ ਦੀ ਜ਼ਿੰਦਗੀ ਨਹੀਂ ਬਦਲੀ। ਉਸ ਦੀ ਮਿਹਨਤ ਅਤੇ ਮਜ਼ਦੂਰੀ ਦਾ ਉਸ ਨੂੰ ਮੁੱਲ ਨਹੀਂ ਮਿਲ ਰਿਹਾ ਜਿਸ ਕਾਰਨ ਉਸ ਦੀ ਇਹ ਹਾਲਤ ਹੋਈ ਹੈ। ਔਰਤ ਦੀ ਅਜਿਹੀ ਵੇਦਨਾ ਅਤੇ ਸੰਵੇਦਨਾ ਦੀ ਦਰਦਮਈ ਗਾਥਾ ਦਾ ਬਿਰਤਾਂਤ ਸਿਰਜਦਾ ਹੈ।

ਇਹ ਕਾਫ਼ੀ ਦਰਸ਼ਨ ਸ਼ਾਸ਼ਤਰ ਦੇ ਫਲਸਫੇ ਦੇ ਅਧਿਆਤਮ ਨੂੰ ਪੇਸ਼ ਕਰਦੀ ਹੈ। ਹੁਸੈਨ ਫ਼ਕੀਰ ਦੀ ਵਡਿਆਈ ਇਹ ਹੈ ਕਿ ਉਹ ਕਿਸੇ ਇੱਕ ਖਿੱਤੇ, ਵਰਗ, ਦਰਸ਼ਨ, ਧਰਮ ਜਾਂ ਕਿਸੇ ਅਜਿਹੀ ਪਹਿਚਾਣ ਵਿੱਚ ਨਹੀਂ ਬੱਝਦਾ। ਫ਼ਕੀਰ, ਸੰਤ, ਸੂਫ਼ੀ ਸਾਧਕ ਲੋਕਾਂ ਦਾ ਹੁੰਦਾ ਹੈ, ਇਸ ਲਈ ਉਹ ਆਪਣੀ ਰਚਨਾ ਵਿੱਚ ਕਿਸੇ ਵੀ ਫਲਸਫੇ ਨੂੰ ਪੇਸ਼ ਕਰੇ ਉਸ ਦਾ ਅਸਲ ਉਦੇਸ਼, ਮਨੋਰਥ, ਪ੍ਰਯੋਜਨ, ਕਰਤੱਵ ਇਹ ਹੁੰਦਾ ਹੈ ਕਿ, ਉਹ ਜਿਨਾਂ ਲਈ ਅਤੇ ਜਿਹਨਾਂ ਬਾਰੇ ਜਿਸ ਵੇਲੇ 'ਚ ਲਿਖ ਰਿਹਾ ਹੈ ਉਹ ਉਹਨਾਂ ਦੀ ਸਮਝ , ਪਹੁੰਚ ਅਤੇ ਉਹਨਾਂ ਦੀ ਭਾਸ਼ਾ ਵਿੱਚ ਹੋਵੇ ਤਾਂ ਕਿ ਉਹਨਾਂ ਲਈ ਇਸ ਨੂੰ ਸਮਝਣ ਵਿੱਚ ਕੋਈ ਮੁਸ਼ਕਿਲ ਨਾ ਬਣੇ। ਐਨਾ ਹੀ ਨਹੀਂ, ਸਗੋਂ ਹੁਸੈਨ ਵੱਲੋਂ ਵਰਤੇ ਗਏ ਬਿੰਬ-ਵਿਧਾਨ, ਪ੍ਰਤੀਕ, ਅਲੰਕਾਰ ਆਦਿ ਵੀ ਘਰੇਲੂ ਹਨ। ਘਰੇਲੂ ਲਫ਼ਜ਼ਾਲੀ 'ਚ ਵਿਸ਼ਵ-ਵਿਆਪੀ ਫਲਸਫੇ ਨੂੰ ਆਪਣੀ ਕਾਵਿ-ਕਲਾ ਰਾਹੀਂ ਸਿਰਜਿਆ ਹੈ।

ਹੁਸੈਨ ਇੱਥੇ ***"ਚਾਰੇ ਪੱਲੂ ਚੋਲੜੀ"*** ਬਾਰੇ ਗੱਲ ਕਰ ਰਹੇ ਹਨ। ਚਾਰ ਕੀ ਹੈ? ਚਾਰ ਦੀ ਗਿਣਤੀ ਕਿਉਂ ਕੀਤੀ ਹੈ? ਕੀ ਰਮਜ਼ ਅਤੇ ਕੀ ਭੇਦ ਹੈ ਚਾਰ ਦੀ ਗਿਣਤੀ ਵਿੱਚ? ਉਹ ਕੋਈ ਸੈਨਤ ਮਾਰ ਰਿਹਾ ਹੈ, ਕਿਸੇ ਵਿਸ਼ੇਸ਼, ਵਿਲੱਖਣ ਤੇ ਵਿਆਪਕ ਗੱਲ ਵੱਲ ਇਸ਼ਾਰਾ ਕਰ ਰਿਹਾ ਹੈ, ਕਿਸ ਚੀਜ਼, ਸ਼ੈਅ, ਵਰਤ, ਵਰਤਾਰੇ, ਵਰਗ, ਦਰਸ਼ਨ, ਫਲਸਫੇ ਵੱਲ ਇਸ਼ਾਰਾ ਕੀਤਾ ਹੈ, ਸੰਕੇਤ ਕੀਤਾ ਹੈ?ਹੁਸੈਨ ਇਥੇ ਗਿਣਤੀ ਵਾਲੇ ਚਾਰ ਸ਼ਬਦ ਦੀ ਗੱਲ ਨਹੀਂ ਕਰ ਰਿਹਾ। ***ਚਾਰ*** ਸਾਡੇ ਕੋਲ ਦਿਸ਼ਾਵਾਂ ਵੀ ਹਨ। ਚਾਰ ਦਿਸ਼ਾਵਾਂ -ਪੂਰਵ, ਪੱਛਮ, ਉੱਤਰ, ਦੱਖਣ। ਚਾਰੇ ਦਿਸ਼ਾਵਾਂ ਤੋਂ ਆਉਣ ਵਾਲੀ ਉਹ ਆਵਾਜ਼ ਅਤੇ ਗਾਵਣ ਸੁਰ ਹੈ, ਜਿਹੜੀ ਮਨੁੱਖ ਨੂੰ ਮਨੁੱਖ ਨਾਲ ਜੋੜਦੀ ਹੈ। ਸਰੋਦੀ ਕਾਵਿ, ਵਿਸ਼ੇਸ਼ ਲੈਅ, ਗਾਵਣ ਸੁਰ ਦਾ ਸੰਗੀਤਕ ਜਸ਼ਨ ਹੈ, ਬਹੁਪੱਖੀ ਤੇ ਬਹੁ-ਪਾਸਾਰੀ ਹੈ। ਇਹ ਵਿਸਮਾਦ ਤੇ ਅਨਾਹਦ ਦੇ ਰੂਪ ਵਿਚ ਵੀ ਹਰ ਪਾਸੇ ਗੂੰਜਦੀ ਹੈ।

ਚਾਰ ਵੇਦ ਵੀ ਹਨ। ਚਾਰ ਵੇਦ ਜਿਸ ਵਿੱਚ ਰਿਗਵੇਦ, ਅਥਰਵੇਦ, ਸਾਮ ਵੇਦ, ਯਜੁਰਵੇਦ। ਇਹ ਸਾਡੇ ਕੋਲ ਮੁਢਲੇ ਗਿਆਨ ਦੇ ਸੋਮੇ ਹਨ। ਇਹਨਾਂ ਵਿੱਚ ਪ੍ਰਕ੍ਰਿਤੀ ਦਾ ਗੁਣਗਾਇਨ ਵੀ ਹੈ। ਚਾਰ ਇਥੇ ਹਿੰਦੂ ਦਰਸ਼ਨ ਸ਼ਾਸਤਰ ਵਿੱਚ ਪਰਮਾਰਥ ਦਾ ਮਾਰਗ ਵੀ ਹੈ, ਜਿਸ ਵਿੱਚ ਧਰਮ, ਅਰਥ, ਕਾਮ ਤੇ ਮੋਕਸ਼ ਦਾ ਸੰਕਲਪ ਵੀ ਹੈ।ਚਾਰ ਸਾਡੇ ਕੋਲ ਯੁਗ ਵੀ ਹਨ, ਸਤਯੁਗ, ਤ੍ਰੇਤਾ, ਦੁਆਪਰ ਤੇ ਕਲਯੁਗ। ਇਹਨਾਂ ਸਾਰੇ ਭੇਦਾਂ ਦੀ ਰਮਜ਼ ਰਾਹੀਂ ਇਸ ਕਾਫ਼ੀ ਨੂੰ ਇਸ ਦੀ ਵਿਆਪਕਤਾ ਵਿਚ ਵਾਚਿਆ ਜਾ ਸਕਦਾ ਹੈ।

ਹੁਸੈਨ ਨੇ ਆਪਣੀ ਇਸ ਰਮਜ਼ ਦੁਆਰਾ ਇਹਨਾਂ ਚਾਰ ਯੁਗਾਂ ਦੀ ਦਾਸਤਾ

ਬਿਆਨ ਕੀਤੀ ਹੈ। ਇਹਨਾਂ ਯੁਗਾਂ ਦੀ ਦਾਸਤਾ ਮਨੁੱਖ, ਨੀਵਿਆਂ ਅਤੇ ਨਿਤਾਣਿਆਂ ਲਈ ਕਿਸ ਤਰਾਂ ਦੀ ਸੀ? ਉਹਨਾਂ ਦੀ ਦਾਸਤਾਂ ਇਹਨਾਂ ਯੁਗਾਂ ਵਿੱਚ ਕਿਸ ਦੇ ਹੱਥਾਂ ਦੀ ਕਠਪੁਤਲੀ ਰਹੀ ਹੋਵੇਗੀ? ਕਿਉਂ ਜੋ ਸਾਡੇ ਕੋਲ ਜਿਹੜੀ ਤਵਾਰੀਖ਼, ਇਤਿਹਾਸ ਆਇਆ ਹੈ, ਉਹ ਬਾਦਸ਼ਾਹੀਆਂ, ਰਜਵਾੜਾਸ਼ਾਹੀਆਂ ਅਤੇ ਹੁਕਮਰਾਨਾਂ ਦਾ ਹੈ। ਆਮ-ਅਵਾਮ, ਆਮ ਲੋਕਾਂ ਦਾ ਇਤਿਹਾਸ ਨਹੀਂ ਹੈ, ਸਗੋਂ ਸੱਤਾਧਾਰੀ ਧਿਰ ਦਾ ਇਤਿਹਾਸ ਹੈ।

ਸੂਫ਼ੀਮਤ ਦੇ ਸਿਧਾਤਾਂ ਵਿੱਚ ਚਾਰ ਮਾਰਗ ਬਹੁਤ ਮਹੱਤਵਪੂਰਨ ਹਨ। ਜਿਸ ਵਿਚੋਂ ਸੂਫੀ ਸਾਧਕ ਨੂੰ ਗਿਆਨ ਪ੍ਰਾਪਤੀ ਲਈ ਇਹਨਾਂ ਵਿੱਚੋਂ ਲੰਘਣਾ ਪੈਂਦਾ ਹੈ, ਇਸ ਵਿੱਚ ਸ਼ਰੀਅਤ, ਤਰੀਕਤ, ਹਕੀਕਤ ਤੇ ਮਾਰਫ਼ਤ। ਇਹ ਉਹ ਮੰਜ਼ਲਾਂ ਹਨ, ਜਿਸ ਉੱਤੇ ਚੱਲ ਕੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਸੂਫ਼ੀਆਂ ਦੇ ਇਹ ਸਿਧਾਂਤ ਉਹਨਾਂ ਦੇ ਰਹੱਸਵਾਦੀ ਮਾਰਗ ਦੇ ਪੜਾਅ ਹਨ। ਹੁਸੈਨ ਨੇ ਆਪਣੀ ਇਸ ਸਥਾਈ ਵਿੱਚ ਰਹਾਉ ਵਾਲੀ ਤੁੱਕ ਵਿੱਚ ਸਾਰੇ ਮਾਰਗਾਂ ਦਾ ਸੰਵਾਦ ਕਰਵਾ ਕੇ ਆਮ-ਅਵਾਮ ਨੂੰ ਉਸ ਪ੍ਰਤਿ ਸੁਚੇਤ ਤੇ ਸਜੱਗ ਕੀਤਾ ਹੈ। ਮੱਧਕਾਲੀ ਭਾਰਤ ਅਤੇ ਵਿਸ਼ੇਸ਼ ਕਰਕੇ ਪੰਜਾਬ ਵਿਚ ਸੂਫ਼ੀਮਤ ਦਾ ਬਹੁਤ ਪ੍ਰਭਾਵ ਰਿਹਾ ਅਤੇ ਇਨ੍ਹਾਂ ਨੇ ਇਸ ਸਮੇਂ ਦੌਰਾਨ ਪੰਜਾਬੀ ਜਨ-ਜੀਵਨ ਨੂੰ ਰੂਹਾਨੀਅਤ ਨਾਲ ਜੋੜਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਸੂਫ਼ੀਆਂ ਨੇ ਬਿਨਾ-ਭੇਦ-ਭਾਵ ਵਾਲੇ ਸਮਾਜ ਅਤੇ ਸਾਂਝੀ ਸੰਸਕ੍ਰਿਤੀ ਦੀ ਸਿਰਜਣਾ ਕਰਨ ਵਿਚ ਅਹਿਮ ਭੂਮਿਕਾ ਨਿਭਾਈ।

ਪੰਜਾਬ ਵਿੱਚ ਵੀ ਚਾਰ ਸ਼ਬਦ ਸੁੰਦਰਤਾ ਲਈ ਵਰਤਿਆ ਜਾਂਦਾ ਹੈ। ਸੰਖਿਆ ਦੀ ਪੱਧਰ ‘ਤੇ ਚਾਰ ਦਿਸ਼ਾਵਾ, ਚਾਰ ਪਰਮਾਰਥ, ਚਾਰ ਸੂਫ਼ੀਆ ਦੇ ਸਿਧਾਂਤ, ਚਾਰ ਚਿਰਾਗ, ਚਾਰ ਵੇਦ, ਚਾਰ ਯੁਗ, ਚਾਰ ਵਰਣ, ਚਾਰ ਸਿੱਖਾਂ ਦੀਆਂ ਕੁਰਹਿਤਾਂ, ਚਾਰ ਫਰਿਸ਼ਤੇ ਕੁਰਾਨ ਵਿੱਚ, ਚਾਰ ਖਲੀਫੇ, ਚਾਰ ਕਤੇਬਾਂ ਅਤੇ ਚਾਰ ਯਾਰ ਮੁਹੰਮਦ ਸਾਹਿਬ ਦੇ।

ਹੁਸੈਨ ਫ਼ਕੀਰ ਦੀ ਕਾਵਿ-ਕਲਾ ਅਤੇ ਕਾਵਿ-ਕਲਾਮ ਦਾ ਕਮਾਲ ਹੈ ਕਿ ਤਿੰਨ ਸ਼ਬਦਾਂ ਵਿੱਚ ਸਮੁੱਚੇ ਦਰਸ਼ਨ ਸ਼ਾਸ਼ਤਰ ਨੂੰ ਪੇਸ਼ ਕੀਤਾ ਹੈ। ਇਹ ਚਾਰੇ ਮਾਰਗ ਜ਼ਬਰਨ ਉਹਨਾਂ ਪਾਸੋਂ ਇਹ ਮਨਵਾਏ ਜਾਂਦੇ ਸਨ, ਪਰੰਤੂ ਇਸ ਦੇ ਫ਼ਲਸਰੂਪ ***“ਨੈਣ ਰੋਂਦੀ ਦੇ ਭਿੰਨੇ।”*** ਐਨਾ ਕਠਿਨ ਮਾਰਗ ਅਖ਼ਤਿਆਰ ਕਰਕੇ ਵੀ ਉਸ ਦੀ ਹਯਾਤੀ ਨਹੀਂ ਬਦਲੀ। ਸਮੁੱਚੀ ਲੋਕਾਈ ਇਹਨਾਂ ਮਾਰਗਾਂ ਉੱਤੇ ਚੱਲ ਕੇ ਅੱਕ-ਥੱਕ ਗਈ ਅਤੇ ਰੋ-ਰੋ ਕੇ ਉਸ ਦੇ ਨੈਣ ਭਿੰਨੇ ਹੋ ਗਏ। ਚਾਰ ਦਾ ਜੋ ਸਮੁੱਚਾ ਦਰਸ਼ਨ ਫ਼ਲਸਫ਼ਾ ਹੈ, ਉਹ ਵੀ ਉਹਨਾਂ ਦੀ ਹਯਾਤੀ ਨੂੰ ਅਜੇ ਤੱਕ ਨਹੀਂ ਬਦਲ ਸਕਿਆ। ਨੈਣਾ ਦਾ ਭਿੰਨੇ ਰਹਿਣਾ ਤੇ ਰੋਵਣ ਕੀ ਹੈ? ਨੈਣਾ ਰਾਹੀਂ ਸਭ ਕੁਝ ਦੇਖਦੇ ਹਾਂ, ਸੰਸਾਰ, ਦੁਨੀਆਂਦਾਰੀ ਦੇ ਰੂ-ਬ-ਰੂ ਹੁੰਦੇ ਹਾਂ, ਪਰ ਅਸੀਂ ਆਪਣੇ ਨੈਣਾਂ ਨਾਲ ਕਦੋਂ ਦੇਖਦੇ ਹਾਂ? ਜੇਕਰ ਅਸੀਂ ਆਪਣੇ ਨੈਣਾਂ ਨਾਲ ਦੇਖੀਏ,ਸਮਝੀਏ, ਗ੍ਰਹਿਣ ਕਰੀਏ, ਉਹ ਦੇਖੀਏ, ਜਿਹੜਾ ਸਾਨੂੰ ਚੰਗਾ ਲੱਗਦਾ ਹੈ, ਉਪਯੋਗੀ ਹੈ ਜ਼ਿੰਦਗੀ ਤੇ ਸਮੂਹਿਕ ਸਾਂਝ ਲਈ, ਫਿਰ ਨੈਣ ਸਾਡੇ ਆਪਣੇ ਹਨ। ਨੈਣ ਹੁਸੈਨ ਲਈ ਅਨਮੋਲ ਅਤੇ ਕੀਮਤੀ ਰਤਨ ਹੈ, ਉਹ ਆਪਣੀਆਂ ਦੂਸਰੀਆਂ ਕਾਫ਼ੀਆਂ ‘ਚ ਵੀ ਨੈਣਾਂ ਦਾ ਵਾਰ-ਵਾਰ ਜ਼ਿਕਰ ਵੀ ਕਰਦਾ ਹੈ,

*ਨੀ ਸਈਓ, ਅਸੀਂ ਨੈਣਾਂ ਦੇ ਆਖੇ ਲੱਗੇ,*

*ਜਿਨਾਂ ਪਾਕ ਨਿਗਾਹਾਂ ਹੋਈਆਂ ਸੇ ਕਹੀ ਨ ਜਾਂਦੇ ਠੱਗੇ* [2]

“***ਚਾਰੇ ਨੈਨ ਗਡਾਵਡ ਹੋਇ ਵਿਚਿ ਵਿਚੋਲਾ ਕੇਹਾ*** ” ਇੱਕ ਹੋਰ ਕਾਫ਼ੀ ਵਿੱਚ ਉਹ ਕਹਿੰਦੇ ਹਨ, **“ ਨੈਣ ਨੈਣਾ ਨਾਲ ਗਡਿ ਵੇ ਅੜਿਆ”** ਜੇਕਰ ਕਿਸੇ ਨੂੰ ਤੱਕਣਾ, ਵੇਖਣਾ, ਨਿਹਾਰਨਾ ਹੈ ਤੇ ਆਪ ਉਸ ਦੇ ਨੈਣਾਂ ਵਿੱਚ ਦੇਖੋ। ਕਿਸੇ ਕਾਜ਼ੀ, ਮੁੱਲਾਂ, ਮੁਲਵਾਣੇ, ਪੰਡਿਤ, ਪ੍ਰੋਹਿਤ, ਪੁਜਾਰੀ, ਕਿਸੇ ਦੀ ਲੋੜ ਨਹੀਂ ਹੈ। ਉਹਨਾਂ ਦੀ ਅੱਖ ਨਾਲ ਨਹੀਂ ਆਪਣੇ ਨੈਣਾ ਨਾਲ ਦੇਖੋ। ਅਸੀਂ ਆਪ ਨਹੀਂ ਵੇਖਦੇ, ਇਸ ਲਈ ਨੈਣ ਭਿੰਨੇ ਹਨ। ਜਦੋਂ ਅਸੀਂ ਆਪਣੇ ਨੈਣਾਂ ਨਾਲ ਦੇਖਾਂਗੇ, ਫਿਰ ਇਹ ਨੈਣ ਰੋਵਣਗੇ ਨਹੀਂ, ਭਿੰਨੇ ਨਹੀਂ ਰਹਿਣਗੇ। ਫਿਰ ਇਹ ਨੈਣ ਆਸ਼ਕ ਦੇ ਨੈਣ ਬਣ ਜਾਵਣਗੇ। ਆਸ਼ਕ ਦੇ ਨੈਣ ਰੋਂਦੇ ਨਹੀਂ, ਭਿੰਨੇ ਨਹੀਂ ਹੁੰਦੇ, ਸਗੋਂ ਆਸ਼ਕ ਦੇ ਨੈਣਾਂ ਵਿਚੋਂ ਰੱਤਿ ਨਿਕਲਦਾ ਹੈ। ***“ਹੰਝੂ ਰੋਂਦਾ ਹਰ ਕੋਈ, ਆਸ਼ਿਕ ਰੋਂਦੇ ਰੱਤਿ ਨੀ ।”*** ਆਸ਼ਕ ਦੇ ਨੈਣਾ ਵਿੱਚ ਰੋਸ, ਰੋਹ, ਵਿਦਰੋਹ ਹੋਵੇਗਾ। ਫਿਰ ਇਹ ਨੈਣ ਦੁਨੀਆਂ ਨੂੰ ਵੇਖਣ ਦੇ ਸਮਰੱਥ ਹੋਵਣਗੇ। ਆਸ਼ਕ ਹਮੇਸ਼ਾ ਆਪਣੇ ਨੈਣਾਂ ਨਾਲ ਵੇਖਦਾ ਹੈ, ਉਹੀ ਵੇਖਦਾ ਹੈ ਜੋ ਉਸ ਦੀ ਆਸ਼ਕੀ ਅਤੇ ਇਸ਼ਕ ਹੈ, ਆਸ਼ਕ ਤੇ ਇਸ਼ਕ ਵਾਲੇ ਨੈਣਾਂ ਨੂੰ ਹੋਰ ਕੁਝ ਨਹੀਂ ਭਾਉਂਦਾ। ਇੱਕ ਆਸ਼ਿਕ ਦੇ ਨੈਣ ਹੀ ਉਸ ਦੇ ਆਪਣੇ ਨੈਣ ਹਨ। ਜੋ ਸਿਰਫ਼ ਤੇ ਸਿਰਫ਼ ਆਪਣਾ ਇਸ਼ਕ ਵੇਖਦੇ ਹਨ। ਇਸ਼ਕ ਕੀ ਹੈ? ਇਸ਼ਕ ਉਹ ਹੈ ਜੋ ਸਮੁੱਚੀ ਲੋਕਾਈ ਨੂੰ ਆਪਣੇ ਨੈਣਾਂ ਨਾਲ ਵੇਖਣ ਲਾ ਦੇਵੇ, ਉਹੀ ਸੱਚਾ ਆਸ਼ਿਕ ਹੈ। ਉਹੀ ਉਸ ਦੇ ਆਪਣੇ ਨੈਣ ਹਨ ਤੇ ਉਹੀ ਉਸ ਦਾ ਇਸ਼ਕ ਹੈ ਤੇ ਇਸ਼ਕ ਵਾਲੇ ਨੈਣ ਹੀ ਹੁਸੈਨ ਨੂੰ ਭਾਉਂਦੇ ਹਨ। ਉਸ ਨੂੰ ਭਿੰਨੇ ਨੈਣ ਚੰਗੇ ਨਹੀਂ ਲੱਗਦੇ। ਇਹ ਭਿੰਨੇ ਨੈਣਾਂ ਦਾ ਰੋਣਾ ਹੈ, ਕਿ ਉਹ ਦੂਸਰਿਆਂ ਦੇ ਆਖੇ ਲੱਗੇ ਹਨ। ਇਹ ਗੱਲ ਹੁਸੈਨ ਨੂੰ ਨਹੀਂ

ਭਾਉਂਦੀ। ਉਹ ਚਾਹੁੰਦਾ ਹੈ ਕਿ ਸਮੁੱਚੀ ਲੋਕਾਈ,ਅਵਾਮ ਅਤੇ ਕੁੱਲ ਜਹਾਨ ਆਪਣੇ ਨੈਣਾਂ ਨਾਲ ਵੇਖੇ। *"ਨੈਣ ਰੋਂਦੀ ਦੇ ਭਿੰਨੇ"* ਇਹ ਔਰਤ ਦੀ ਕਰੁਣਾਮਈ ਗਾਥਾ ਹੈ ਕਿ ਉਸ ਦੇ ਨੈਣ ਆਪ ਦੇਖਣ ਦੇ ਸਮਰੱਥ ਨਹੀਂ ਹਨ ਜਾਂ ਉਸ ਨੂੰ ਇਸ ਕਾਬਿਲ ਬਣਨ ਲਈ ਸੁਖਾਵਾ ਮਾਹੌਲ ਮੁਹੱਈਆ ਨਹੀਂ ਕਰਵਾਇਆ ਜਾਂਦਾ। ਇਸ ਦਾ ਪ੍ਰਮੁੱਖ ਕਾਰਨ ਪ੍ਰਾਚੀਨ ਪਰੰਪਰਾਵਾਂ ਦੀ ਰੂੜ ਹੋ ਚੁੱਕੀ ਵਿਵਸਥਾ ਜਿਹੜੀ ਅਜੇ ਵੀ ਲੋਕਾਈ ਨੂੰ ਭੇਖ, ਪਖੰਡ ਤੇ ਅਡੰਬਰ ਦੇ ਰੂਪ ਵਿੱਚ ਠੱਗਦੀ ਹੈ। ਚਾਰ ਦੇ ਰਸਮਾਂ, ਰੀਤਾਂ ਅਤੇ ਰਿਵਾਜਾਂ ਨਾਲ ਉਸ ਦੀ ਜ਼ਿੰਦਗੀ ਨੂੰ ਬਦ ਤੋਂ ਬਦਤਰ ਬਣਾਉਂਦੀ ਹੈ। ਇਹ ਓਸ ਵਕਤ ਦੀ ਔਰਤ ਦੀ ਕਰੁਣਾਮਈ ਦਾਸਤਾ ਹੈ।

*ਕੱਤਿ ਨਾ ਜਾਣਾ ਪੂਣੀਆਂ ਤੇ ਦੋਸ਼ ਦੇਨੀ ਆ ਮੁੰਨੇ।*

*ਆਵਣ ਆਵਣ ਕਹਿ ਗਇਆ ਮਾਹਿ ਬਾਰਾਂ ਪੁੰਨੇ।*

ਹੁਸੈਨ ਫ਼ਕੀਰ ਨੇ ਇੱਥੇ ਚਰਖੇ ਦੇ ਕੱਤਣ ਅਤੇ ਪੂਣੀਆਂ ਦੀ ਰਮਜ ਰਾਹੀਂ ਦੁਨੀਆਦਾਰੀ ਦੇ ਕੰਮਾਕਾਰਾਂ ਦੀ ਗੱਲ ਕੀਤੀ ਹੈ।ਮਨੁੱਖ ਦੀ ਸਾਰੀ ਜ਼ਿੰਦਗੀ ਬਤੀਤ ਹੋ ਗਈ ਉਸ ਜੀਵਨ-ਜਾਂਚ ਵਿੱਚ ਜਿਹੜੀ ਚਾਰ ਦੇ ਫ਼ਲਸਫ਼ੇ ਨੇ ਦਿੱਤੀ। ਉਹ ਕਿਸੇ ਐਸੇ ਸਮਾਜਿਕ ਤਾਣੇ-ਬਾਣੇ ਵਿੱਚ ਫਸਿਆ ਰਹਿੰਦਾ ਹੈ,ਸੰਪੂਰਨਤਾ ਵਿੱਚ ਇਸ ਮਾਰਗ 'ਤੇ ਨਹੀਂ ਚੱਲ ਸਕਦਾ ਤੇ ਇਸ ਦਾ ਦੋਸ਼ ਅਸੀਂ ਦੂਸਰਿਆਂ 'ਤੇ ਕੱਢਦੇ ਹਾਂ। ਆਮ ਜਨ ਦੀ ਇਹ ਹਾਲਤ ਉਸ ਸਮੇਂ ਦੇ ਵੇਲੇ ਦੇ ਬਾਦਸ਼ਾਹ ਕਰਕੇ ਹੋਈ ਹੈ ਜੋ ਆਪਣੇ ਅਨੁਸਾਰੀ ਨਿਜ਼ਾਮ ਚਲਾ ਰਹੇ ਹਨ, ਉਹਨਾਂ 'ਤੇ ਜ਼ੁਲਮ-ਜ਼ਬਰ ਕਰ ਰਹੇ ਹਨ ਤੇ ਦੋਸ਼ ਵੀ ਉਹਨਾਂ 'ਤੇ ਹੀ ਮੜਦੇ ਹਨ ਕਿ ਇਹ ਤੁਹਾਡੇ ਪਿੱਛਲੇ ਜਨਮਾਂ ਦਾ ਫ਼ਲ ਹੈ। ਉਹਨਾਂ ਨੂੰ ਜਨਮਾਂ ਵਿੱਚ ਉਲਝਾਇਆ ਜਾ ਰਿਹਾ ਹੈ, ਇਹ ਲੋਕਾਂ ਨੂੰ ਲੁੱਟਣ ਦੀ ਸਾਜਿਸ਼ ਦੇ ਤਹਿਤ ਹੋ ਰਿਹਾ ਹੈ।

ਜਿਹੜੇ ਲੋਕ ਧਰਮ ਦੇ ਠੇਕੇਦਾਰ ਬਣ ਕੇ ਪੂਰੀ ਲੋਕਾਈ ਨੂੰ ਠੱਗਦੇ ਆ ਰਹੇ ਹਨ। ਉਹਨਾਂ ਦੀ ਜੀਵਨ-ਜਾਂਚ ਵਿੱਚ ਕੋਈ ਸਾਕਾਰਾਤਮਕ ਤਬਦੀਲੀ ਨਹੀਂ ਵਾਪਰਦੀ ਤਾਂ ਲੋਕ ਇਤਰਾਜ਼ ਕਰਦੇ ਹਨ। ਕਿਉਂ ਜੋ ਲੰਬਾ ਸਮਾਂ, ਵਰਿਆਂ ਬੱਧੀ ਸਾਧਨਾ, ਤਪੱਸਿਆ ਇਸ ਮਾਰਗ 'ਤੇ ਚਲ ਕੇ ਦੇਖ ਲਿਆ ਕੁਝ ਨਹੀਂ ਮਿਲਿਆ। *"ਆਵਣ ਆਵਣ ਕਹਿ ਗਇਆ ਮਾਹਿ ਬਾਰਾਂ ਪੁੰਨੇ"* ***"ਜੇਵਡ ਚਰਖਾ ਤੇਵਡ ਮੁੰਨੇ, ਆਵਣ ਆਵਣ ਕਹਿ ਗਇਆ ਮਾਹਿ ਬਾਰਾਂ ਪੁੰਨੇ, ਸਾਂਈ ਕਾਰਨ ਲੋਇਨ ਰੁੰਨੇ, ਰੋਏ ਵੰਞਾਇਆ ਹਾਲ*** "ਵਰੇ ਬੀਤ ਗਏ ਤੇ ਕੁਝ ਪ੍ਰਾਪਤ ਨਹੀਂ ਹੋਇਆ। ਇਹ ਰਮਜ਼ ਹੁਸੈਨ ਦੀਆਂ ਕਾਫ਼ੀਆਂ ਵਿੱਚ ਬਹੁਤੀ ਵਾਰ ਆਉਂਦੀ ਹੈ। ਬਾਰਾਂ ਵਰੇ ਬੀਤਣ ਤੋਂ ਬਾਅਦ ਵੀ ਕੁਝ ਪ੍ਰਾਪਤ ਨਹੀਂ ਹੋਇਆ। ਉਪਰੋਕਤ ਦੱਸੇ ਗਏ ਸਾਰੇ ਦਰਸ਼ਨ ਫਲਸਫੇ ਵਿੱਚ, ਧਰਮਾਂ ਦੀ ਆੜ ਵਿੱਚ ਅਤੇ ਧਰਮਾਂ ਦੇ ਨਾਂ 'ਤੇ, ਧਰਮ ਦੇ ਠੇਕੇਦਾਰਾਂ ਵੱਲੋਂ ਕਰਵਾਏ ਜਾਂਦੇ, ਕਰਮਕਾਂਡ, ਪੂਜਾ-ਵਿਧਾਨ, ਭੇਖ-ਪਖੰਡ ਆਦਿ ਕਰਨ ਦੇ ਬਾਵਜੂਦ ਵੀ ਕੁਝ ਪ੍ਰਾਪਤ ਨਹੀਂ ਹੋਇਆ। ਹੁਸੈਨ ਇਹਨਾਂ ਭਿੱਜੇ ਹੋਏ ਨੈਣਾਂ ਦੀ ਦਾਸਤਾਂ ਵਿੱਚ ਦੱਸ ਰਿਹਾ ਹੈ, ਸਾਂਈ ਕਾਰਨ ਲੋਇਨ ਰੁੰਨੇ, ਅਜਿਹਾ ਕਿਹੜਾ ਸਾਂਈ ਹੈ ਜਿਸ ਦੇ ਲਈ ਲੋਇਨ ਰੁੰਨੇ ਜਾ ਰਹੇ ਹਨ? ਨੈਣਾਂ ਦੀ ਇਹ ਦਾਸਤਾ, ਰੁੰਨੇ ਨੈਣਾਂ ਦੀ, ਭਿੰਨੇ ਨੈਣਾਂ ਦਾ ਮੁੱਖ ਕਾਰਨ *"ਆਵਣ-ਆਵਣ ਕਹਿ ਗਿਆ ਮਾਹਿ ਬਾਰਾਂ ਪੁੰਨੇ "* ਵਰਿਆਂ ਵਧੀ ਉਡੀਕ ਹੈ, ਜਿਸ ਤੋਂ ਬਾਅਦ ਵੀ ਕੁਝ ਪ੍ਰਾਪਤ ਨਹੀਂ ਹੋਇਆ," *ਰੋਇ ਵੰਞਾਇਆ ਹਾਲ"* ਇਹ ਸਾਰੀ ਰਮਜ਼ ਕਿਸੇ ਵਿਸ਼ੇਸ਼ ਪ੍ਰਾਪਤੀ ਲਈ ਕੀਤਾ ਗਿਆ ਅਜਿਹਾ ਅਨੁਸ਼ਠਾਨ ਵੀ ਹੋ ਸਕਦਾ ਹੈ, ਜਿਹੜਾ ਧਰਮ ਦੇ ਠੇਕੇਦਾਰ ਦੱਸਦੇ ਹਨ। ਵਰਿਆਂ ਬੱਧੀ ਤਪੱਸਿਆ 'ਚ ਉਲਝਾਈ ਰੱਖਣ ਦਾ ਇਹ ਸਾਰਾ ਕਰਮਕਾਂਡ ਕਰਨ ਤੋਂ ਬਾਅਦ ਵੀ ਨੈਣ ਰੁੰਨੇ ਦੇ ਰੁੰਨੇ ਹਨ, ਭਾਵ ਹੰਝੂਆਂ ਨਾਲ ਭਿੱਜੇ ਰਹਿੰਦੇ ਹਨ। ਹੁਸੈਨ ਬਾਰਾਂ ਵਰਿਆਂ ਦੇ ਕਰਮਕਾਂਡ, ਭੇਖ, ਪਾਖੰਡ ਆਦਿ ਤੋਂ ਮੁਕਤ ਹੋਣ ਦਾ ਹੋਕਾ ਦੇ ਰਿਹਾ ਹੈ।ਇਸ ਤੋਂ ਮੁਕਤ ਹੋਣ ਲਈ ਉਹ ਮਿੱਤਰ ਦੀ ਤਲਾਸ਼ ਕਰਨ ਲਈ ਕਹਿ ਰਿਹਾ ਹੈ।

*ਇਕ ਹਨੇਰੀ ਕੋਠੜੀ ਦੂਜੇ ਮਿੱਤਰ ਵਿਛੁੰਨੇ।*

ਇਸ ਪੰਕਤੀ ਵਿੱਚ ਹੁਸੈਨ ਫ਼ਕੀਰ ਨੇ ਉਪਰੋਕਤ ਸਾਰੀ ਦਰਦਮਈ ਗਾਥਾ ਦਾ ਕਾਰਨ ਮਿੱਤਰ ਦੇ ਵਿਛੜਨ ਨੂੰ ਦੱਸਿਆ ਹੈ। ***ਇੱਕ ਹਨੇਰੀ ਕੋਠੜੀ ਦੂਜੇ ਮਿੱਤਰ ਵਿਛੁੰਨੇ,*** ਹਨੇਰੀ ਕੋਠੜੀ ਕਿਹੜੀ ਹੈ ਅਤੇ ਉਸ ਵਿਚ ਚਾਨਣ ਕਿਉਂ ਨਹੀਂ ਹੈ? ਕਿਹੜੇ ਮਿੱਤਰ ਵਿਛੜੇ ਹੋਏ ਹਨ? ਮਨ ਰੂਪੀ ਕੋਠੜੀ ਵਿੱਚ ਹਨੇਰਾ ਹੈ ਮਿੱਤਰ ਨੇ ਹੀ ਹਨੇਰੇ ਵਿੱਚੋਂ ਬਾਹਰ ਕੱਢਣਾ ਹੈ। ਇਹ ਮਿੱਤਰ ਕੌਣ ਹੈ ਜਿਸ ਨੇ ਚਾਨਣ ਕਰਨਾ ਹੈ? ਇਹ ਮਿੱਤਰ ਹੈ ਗਿਆਨ। ਚਾਰੇ ਪੱਲੂ ਜਦੋਂ ਗਿਆਨ ਨਾਲ ਭਰ ਜਾਣਗੇ ਇਹ ਗਿਆਨ ਹੀ ਚਾਨਣ ਰੂਪੀ ਮਿੱਤਰ ਹੋਵੇਗਾ। ਅਮਲ ਦਾ ਗਿਆਨ ਜਿਹੜਾ ਅਹਿਸਾਸ ਕਰਾਵੇਗਾ ਕਿ ਕਿੱਥੇ-ਕਿੱਥੇ ਸ਼ੋਸ਼ਣ ਹੋ ਰਿਹਾ ਹੈ? ਕਿਵੇਂ ਸ਼ੋਸ਼ਣ ਹੋ ਰਿਹਾ ਹੈ? ਅਗਿਆਨਤਾ, ਅਡੰਬਰ, ਭੇਖ-ਪਖੰਡ, ਕਰਮਕਾਂਡ, ਅੰਧ-ਭਗਤੀ ਆਦਿ ਇਹ ਸਭ ਸ਼ੋਸ਼ਣ ਦੇ ਕਾਰਨ ਹਨ ਇਹੀ ਅੰਧੇਰੀ ਕੋਠੜੀ ਹੈ। ਮਨ ਰੂਪੀ ਇਹ ਅੰਧੇਰੀ ਕੋਠੜੀ ਜਿਹੜੀ ਇਲਮ ਤੇ ਅਮਲ ਤੋਂ ਸੱਖਣੀ ਹੈ ਇਹੀ ਇਸ ਦੇ ਅੰਧੇਰੇ ਦਾ ਕਾਰਨ ਹੈ। ਇਸ ਹਨੇਰੇ ਨੂੰ ਦੂਰ ਕਰਨ ਲਈ ਹੁਸੈਨ ਫਕੀਰ ਨੇ ਮਿੱਤਰ ਨੂੰ ਚੁਣਿਆ ਹੈ। ਇਸ ਮਿੱਤਰ ਦੀ ਪ੍ਰਾਪਤੀ

ਕਿਧਰੇ ਬਾਹਰੋਂ ਨਹੀਂ ਹੋਵੇਗੀ ਇਹ ਮਿੱਤਰ ਮਨੁੱਖ ਦੇ ਅੰਦਰ ਹੀ ਬੈਠਾ ਹੈ। ਗਿਆਨ ਰੂਪੀ ਇਹ ਮਿੱਤਰ ਤੁਹਾਨੂੰ ਹਰ ਤਰ੍ਹਾਂ ਦੇ ਆਵਾਗਉਣ ਤੋਂ ਮੁਕਤ ਕਰਵਾਉਣ ਵਾਲਾ ਹੈ। ਇਸ ਦੀ ਦੂਸਰੀ ਪੜਤ ਇਹ ਵੀ ਬਣਦੀ ਹੈ ਕਿ ਅਸਲ ਵਿੱਚ ਮਨੁੱਖ ਨੂੰ ਪ੍ਰਾਪਤੀ ਹਨੇਰੇ ਵਿੱਚੋਂ ਹੀ ਹੁੰਦੀ ਹੈ, ਹਨੇਰੇ ਦੇ ਗਰਭ ਵਿੱਚ ਹਰ ਵਸਤ ਤੇ ਬੀਜ ਅੰਕਰਿਤ ਹੁੰਦਾ ਹੈ, ਜਿਸ ਨੂੰ ਬਾਬਾ ਫਰੀਦ ਜੀ ਨੇ ਵੀ ਕਿਹਾ ਹੈ, *ਫਰੀਦਾ ਰਾਤ ਕਥੂਰੀ ਵੰਡੀਏ* ਮਿੱਤਰ ਨਾਲ ਮਿਲਾਪ ਵੀ ਹਨੇਰੇ ਵਿੱਚ ਹੀ ਸੰਭਵ ਹੈ, ਪ੍ਰੰਤੂ ਇਹ ਮਿਲਾਪ ਤਾਂ ਹੋਵੇਗਾ ਜੇਕਰ ਮਨ ਰੂਪੀ ਕੋਠੜੀ ਨੂੰ ਗਿਆਨ ਤੇ ਇਲਮ ਨਾਲ ਲਿਬਰੇਜ ਕੀਤਾ ਜਾਵੇ। ਇਹੀ ਮਿੱਤਰ ਦੇ ਮਿਲਾਪ ਦਾ ਸਾਧਨ ਤੇ ਸਰੋਤ ਹੈ। ਮਿੱਤਰ ਜਿਸ ਨਾਲ ਤੁਹਾਡੀ ਦਿਲ ਦੀ ਸਾਂਝ ਤੇ ਸਾਂਗਾ ਹੋਵੇ, ਜੋ ਤੁਹਾਡੇ ਦਿਲ ਨੂੰ ਜੱਚ ਗਿਆ ਹੋਵੇ। ਜੇਕਰ ਤੁਹਾਨੂੰ ਗਿਆਨ ਭਰਪੂਰ ਮਿੱਤਰ ਦੀ ਪ੍ਰਾਪਤੀ ਹੁੰਦੀ ਹੈ ਤਾਂ ਤੁਸੀਂ ਗਿਆਨ ਦੇ ਨੈਣਾਂ ਨਾਲ ਦੇਖਣਾ ਸ਼ੁਰੂ ਕਰੋਗੇ ਤਾਂ ਇਹ ਗਿਆਨ ਰੂਪੀ ਨੈਣ ਭਿੰਨੇ ਨੈਣਾ ਦਾ ਤੋੜ ਹੈ। ਇਸ ਗਿਆਨ ਦੀ ਮਿਸਾਲ ਲਈ ਹੁਸੈਨ ਫ਼ਕੀਰ ਕਾਲੇ ਹਿਰਨ ਦਾ ਪ੍ਰਤੀਕ ਚੁਣਦਾ ਹੈ।

*ਕਾਲੇ ਹਰਨਾ ਚਰ ਗਇਓ, ਸ਼ਾਹ ਹੁਸੈਨ ਦੇ ਬੰਨੇ।*

ਹੁਸੈਨ ਫ਼ਕੀਰ ਦੀ ਇਸ ਕਾਫੀ ਵਿੱਚ ਆਖਰੀ ਪੰਕਤੀ ***"ਕਾਲੇ ਹਰਨਾ ਚਰ ਗਇਓ, ਸ਼ਾਹ ਹੁਸੈਨ ਦੇ ਬੰਨੇ"*** ਇੱਥੇ ਕਾਲਾ ਹਿਰਨ ਵਿਸ਼ੇਸ਼ ਅਰਥਾਂ ਵਿੱਚ ਵਰਤਿਆ ਗਿਆ ਹੈ। ਕਾਲਾ ਹਿਰਨ ਕੀ ਹੈ? ਹੁਸੈਨ ਨੇ ਕਾਲੇ ਹਿਰਨ ਨੂੰ ਕਿਉਂ ਚੁਣਿਆ ਹੈ? ਕਾਲਾ ਹਿਰਨ ਉਸ ਦੇ ਬੰਨੇ ਕਿਉਂ ਚਰ ਗਿਆ? ਕਾਲੇ ਹਿਰਨ ਨੂੰ ਹੁਸੈਨ ਐਨੀ ਜ਼ਿਆਦਾ ਮਾਨਤਾ ਕਿਉਂ ਦਿੱਤੀ ਹੈ? ਵਾਸਤਵ ਵਿੱਚ ਕਾਲਾ ਹਿਰਨ ਇੱਕ ਅਜਿਹਾ ਜੀਵ ਹੈ, ਜਿਸ ਦੇ ਅੰਦਰ ਕਸਤੂਰੀ ਛੁਪੀ ਹੋਈ ਹੈ, ਪਰ ਇਹ ਖ਼ਾਸ ਸਮੇਂ ਹੀ ਜ਼ਾਹਿਰ ਹੁੰਦੀ ਹੈ। ਇਹ ਕਸਤੂਰੀ ਦੀ ਸੁਗੰਧ ਰਾਤ ਨੂੰ ਜ਼ਿਆਦਾ ਮਹਿਕਦੀ ਹੈ। ਜੋ ਸਮੁੱਚੇ ਵਾਤਾਵਰਨ ਨੂੰ ਆਪਣੀ ਸੁਗੰਧ ਨਾਲ ਮਹਿਕਾਉਂਦੀ ਹੈ। ਇਸ ਸੁਗੰਧ ਨੂੰ ਕਾਲਾ ਹਿਰਨ ਆਪ ਵੀ ਮਹਿਸੂਸ ਕਰਦਾ ਹੈ, ਪਰ ਉਸ ਨੂੰ ਪਤਾ ਨਹੀਂ ਹੈ ਕਿ ਇਹ ਸੁਗੰਧੀ ਉਸ ਦੇ ਆਪਣੇ ਅੰਦਰੋਂ ਹੀ ਆ ਰਹੀ ਹੈ। ਇਸ ਅੰਦਰ ਦੇ ਭੇਤ ਨੂੰ ਜ਼ਾਹਿਰ ਕਰਨ ਲਈ ਹੀ ਇਸ ਕਸਤੂਰੀ ਦਾ ਜ਼ਿਕਰ ਬਾਬਾ ਫ਼ਰੀਦ ਜੀ, ਭਗਤ ਕਬੀਰ ਜੀ, ਗੁਰੂ ਅਮਰਦਾਸ ਜੀ, ਬਿਸ਼ਨੋਈ ਸਮਾਜ ਦੇ ਗੁਰੂ ਜਮਦੇਸ਼ਵਰ ਜੀ ਅਤੇ ਉਸ ਤੋਂ ਬਾਅਦ ਹੁਸੈਨ ਫ਼ਕੀਰ ਵੀ ਕਰ ਰਹੇ ਹਨ। ਅਸਲ ਵਿੱਚ ਕਸਤੂਰੀ ਦੀ ਮਧੁਰ, ਮਿੱਠੀ, ਭਿੰਨੀ-ਭਿੰਨੀ, ਸੁਗੰਧੀ ਕਰਕੇ ਇਸ ਦੀ ਵਰਤੋਂ ਸਾਡੇ ਧਾਰਮਿਕ ਅਨੁਸ਼ਠਾਨਾਂ, ਪੂਜਾ-ਪੱਦਤੀਆਂ ਦੇ ਵਿਧੀ ਵਿਧਾਨ, ਹਵਨ, ਯੱਗ, ਕੁੰਡ ਆਦਿ ਵਿੱਚ ਇਸ ਦੀ ਵਰਤੋ ਆਮ ਹੁੰਦੀ ਸੀ। ਅੱਜ ਵੀ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਇਸ ਦੀ ਵਰਤੋ ਅਤਰ ਬਣਾਉਣ ਲਈ ਵਿਸ਼ੇਸ਼ ਰੂਪ ਵਿੱਚ ਕੀਤੀ ਜਾਂਦੀ ਰਹੀ ਹੈ ਅਤੇ ਹੁਣ ਵੀ ਹੋ ਰਹੀ ਹੈ, ਪ੍ਰੰਤੂ ਇਸ ਕਸਤੂਰੀ ਨੂੰ ਪ੍ਰਾਪਤ ਕਰਨ ਲਈ ਮਨੁੱਖ ਨੂੰ ਇਸ ਨਿਰਦੋਸ਼ ਜੀਵ ਦੀ ਹੱਤਿਆ ਕਰਨੀ ਪੈਂਦੀ ਹੈ। ਕਿਉਂ ਜੋ ਇਹ ਕਸਤੂਰੀ ਮਿਰਗੁ ਦੇ ਅੰਦਰ, ਭਾਵ ਹਿਰਨ ਦੀ ਨਾਭੀ ਵਿੱਚ, ਨਾਫ਼ੇ ਵਿੱਚ ਹੁੰਦੀ ਹੈ। ਇਸ ਦੀ ਸੁਗੰਧੀ ਤੇ ਇਸ ਤੋਂ ਪ੍ਰਾਪਤ ਹੋਣ ਵਾਲੇ ਹੋਰ ਬਹੁਤ ਸਾਰੇ ਲਾਭ ਲਈ ਭੋਲੇ ਜੀਵ ਦੀ ਹੱਤਿਆ ਕੀਤੀ ਜਾਂਦੀ ਸੀ, ਜਿਸ ਕਾਰਨ ਇਸ ਦੀਆਂ ਬਹੁਤ ਸਾਰੀਆਂ ਜਾਤੀਆਂ ਲੁਪਤ ਹੋ ਗਈਆ। ਸਾਡੇ ਰਿਸ਼ੀ, ਮੁਨੀ, ਸੰਤ, ਫ਼ਕੀਰ, ਭਗਤ, ਗੁਰੂ, ਜਨ ਅਤੇ ਸੂਫ਼ੀ ਫ਼ਕੀਰ ਸਾਰੇ ਹੀ ਪ੍ਰਕਿਰਤੀ ਤੇ ਪਰਿਆਵਰਣ ਪ੍ਰੇਮੀ ਸਨ। ਉਹਨਾਂ ਨੇ ਜੀਵ ਹੱਤਿਆ ਤੋਂ ਵਰਜਿਤ ਕੀਤਾ ਹੈ। ਉਹਨਾਂ ਅਨੁਸਾਰ ਕਣ-ਕਣ ਵਿੱਚ ਬ੍ਰਹਮ ਹੈ, ਉਹ ਹਰ ਥਾਂ 'ਤੇ ਹੈ, ਹਰ ਜੀਵ ਵਿੱਚ ਹੈ। ਕਿਸੇ ਜੀਵ ਦੀ ਹੱਤਿਆ ਕਰ ਕਿਸੇ ਇਸ਼ਟ ਦੀ ਪ੍ਰਾਪਤੀ ਸੰਭਵ ਨਹੀਂ ਹੈ। ਇਸ ਲਈ ਉਹਨਾਂ ਨੇ ਜੀਵ ਹੱਤਿਆ ਨੂੰ ਵਰਜਿਤ ਮੰਨਿਆ ਹੈ। ਇਸ ਲਈ ਸਭ ਤੋਂ ਪਹਿਲਾਂ ਫ਼ਰੀਦ ਜੀ ਨੇ ਕਸਤੂਰੀ ਨੂੰ ***"ਕਥੂਰੀ"*** ਦੇ ਰੂਪ ਵਿੱਚ ਪ੍ਰਗਟਾਇਆ ਹੈ। ਕਥੂਰੀ ਦੀ ਸੁਗੰਧ ਪ੍ਰਤਿ ਜਾਗ੍ਰਿਤ ਕੀਤਾ ਹੈ ਕਿ, ਕਥੂਰੀ ਪ੍ਰਾਪਤੀ ਲਈ ਜੀਵ ਹੱਤਿਆ ਨਹੀਂ ਕਰਨੀ ਸਗੋਂ ਆਪਣੇ ਅੰਦਰਲੀ ਕਸਤੂਰੀ ਨੂੰ ਜਾਣੋ, ਇਸ ਦੀ ਸੁਗੰਧੀ ਨੂੰ ਆਪਣੇ ਅੰਦਰੋਂ ਪ੍ਰਾਪਤ ਕਰੋ। ਇਹ ਕਸਤੂਰੀ ਹਿਰਨ ਦੇ ਅੰਦਰ, ਹਿਰਨ ਦੇ ਗੁਣਾਂ ਕਰਕੇ ਪ੍ਰਗਟ ਹੋਈ ਹੈ, ਤੁਸੀਂ ਵੀ ਆਪਣੇ ਅੰਦਰ ਉਹੋ-ਜਿਹੇ ਗੁਣ ਪੈਦਾ ਕਰੋ। ਇਸ ਨੂੰ ਫ਼ਰੀਦ ਰਾਤਰੀ ਭਗਤੀ ਰਾਹੀਂ ਦਰਸਾ ਰਹੇ ਹਨ,

*ਫ਼ਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ।।*
*ਜਿੰਨਾ ਨੈਣ ਨੀਂਦ੍ਰਾਵਲੇ ਤਿਨਾਂ ਮਿਲਣੁ ਕੁਆਉ।।* [3]

*ਕਬੀਰ ਜੀ ਵੀ ਇਸ ਦੀ ਪ੍ਰਾਪਤੀ ਦਾ ਮਾਰਗ ਭਗਤੀ ਦੁਆਰਾ ਹੀ ਦੱਸ ਰਹੇ ਹਨ-*

*ਕਬੀਰੁ ਕਸਤੂਰੀ ਭਇਆ ਭਵਰ ਭਏ ਸਭ ਦਾਸ।।*
*ਜਿਉ ਜਿਉ ਭਗਤਿ ਕਬੀਰ ਕੀ ਤਿਉ ਤਿਉ ਰਾਮ ਨਿਵਾਸ।।* [4]

**ਕਬੀਰ ਬਾਣੀ ਦੋਹੇ**

- *ਕਸਤੂਰੀ ਕੁੰਡਲ ਵਸੈ, ਮਿਰਗੁ ਢੂੰਢੇ ਵਣ ਮਾਹਿ।।*

*ਏਸੇ ਘਟਿ ਘਟਿ ਰਾਮ ਹੈ, ਦੁਨੀਆਂ ਦੇਖੇ ਨਾਹਿ।।*

- *ਤੇਰਾ ਸਾਂਈ ਤੁਝ ਮੇਂ ਜਿਉ ਪਹੁਪਣ ਮੇ ਵਾਸ।।*

*ਕਸਤੂਰੀ ਕਾ ਮਿਰਗੁ ਜਿਉ ਫਿਰ ਫਿਰ ਢੂਢਤ ਘਾਸ।।*

ਗੁਰੂ ਅਮਰਦਾਸ ਸਾਹਿਬ ਇਸ ਨੂੰ ਅੰਮ੍ਰਿਤੁ ਤੁੱਲ ਦੱਸ ਰਹੇ ਹਨ ਕਿ ਉਹ ਘਰ ਵਿੱਚ ਹੀ ਹੈ, ਜਿਵੇਂ ਮਿਰਗੁ ਨਹੀਂ ਜਾਣਦਾ ਮਨੁੱਖ ਵੀ ਨਹੀਂ ਜਾਣਦਾ, ਜਿਨਾਂ ਨੂੰ ਗਿਆਨ ਦਾ ਚਾਨਣ ਹੁੰਦਾ ਹੈ, ਉਹੀ ਕਸਤੂਰੀ ਨੂੰ ਪ੍ਰਾਪਤ ਕਰ ਸਕਦੇ ਹਨ। ਇਲਮ ਅਤੇ ਅਮਲ ਦਾ ਗਿਆਨ ਹੀ ਅਮਲੀ ਪੱਧਰ 'ਤੇ ਮਨੁੱਖ ਨੂੰ ਉਸ ਦੀ ਹੋਂਦ ਦਾ ਅਹਿਸਾਸ ਕਰਵਾਓਦਾ ਹੈ। ਉਸ ਦਾ ਇਹ ਅਹਿਸਾਸ ਹੀ ਅਸਲ ਵਿੱਚ ਉਸ ਨੂੰ ਗਿਆਨ ਨਾਲ ਜੋੜਦਾ ਹੈ ਤੇ ਜਦੋ ਗਿਆਨ ਦੇ ਚਾਨਣ ਨਾਲ ਭਰ ਜਾਂਦਾ ਹੈ ਦੂਸਰਿਆਂ ਨੂੰ ਵੰਡਣਾ ਹੀ ਉਸ ਦਾ ਪਰਮ ਕਰਮ ਹੈ। ਆਪਣੇ-ਆਪ ਵਿੱਚ ਹੀ ਕਸਤੂਰੀ ਹੈ। ਇਸ ਲਈ ਮਨੁੱਖ ਨੂੰ ਕਿਧਰੇ ਵੀ ਇਸ ਦੀ ਪ੍ਰਾਪਤੀ ਲਈ ਬਾਹਰ ਭਟਕਣ ਦੀ ਜ਼ਰੂਰਤ ਨਹੀਂ ਹੈ।

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ।।*

*ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ।।* [5]

ਬਾਬਾ ਫ਼ਰੀਦ ਬੰਦਗੀ, ਭਗਤੀ, ਸਾਧਨਾ ਦੀ ਗੱਲ "ਕਥੂਰੀ" ਦੇ ਰੂਪ ਵਿੱਚ ਕਰਦੇ ਹਨ। ਭਗਤ ਕਬੀਰ ਜੀ ਨੇ ਉਸ ਨੂੰ ਕਸਤੂਰੀ ਕਿਹਾ ਹੈ। ਇਹਨਾਂ ਦੋਵਾਂ ਭਗਤਾਂ ਨੇ ਕਸਤੂਰੀ ਦੀ ਸੁਗੰਧੀ, ਭਗਤੀ, ਸਾਧਨਾ ਤੇ ਪ੍ਰੇਮ ਨੂੰ ਇਸ ਵਿੱਚੋਂ ਪ੍ਰਗਟਾਅ ਕੇ ਪੇਸ਼ ਕੀਤਾ ਹੈ। ਗੁਰੂ ਸਾਹਿਬ ਨੇ ਇਸ ਨੂੰ ਹੋਰ ਸਪੱਸ਼ਟ ਕਰਦਿਆ ਦੱਸਿਆ ਹੈ ਕਿ ਇਹ ਅੰਮ੍ਰਿਤੁ ਰੂਪੀ ਕਸਤੂਰੀ ਤੁਹਾਡੀ ਦੇਹ ਵਿੱਚ ਹੀ ਮੌਜੂਦ ਹੈ। ਉਹਨਾਂ ਦੇ ਗਿਆਨ ਦਾ ਇਹ ਚਾਨਣ,ਉਜਾਲਾ, ਰੌਸ਼ਨੀ, ਸਮੁੱਚੀ ਲੋਕਾਈ ਨੂੰ ਆਪਸ ਵਿੱਚ ਕੇਵਲ ਰੂਹਾਨੀਅਤ ਦੀ ਪੱਧਰ 'ਤੇ ਹੀ ਨਹੀਂ ਜੋੜਦੀ, ਸਗੋਂ ਅਮਲੀ ਪੱਧਰ 'ਤੇ ਪ੍ਰਕਿਰਤੀ ਅਤੇ ਪਰਿਆਵਰਨ ਨਾਲ ਵੀ ਜੋੜਦੀ ਹੈ। ਇਹ ਜੁੜਨਾ ਹੀ ਅਸਲ ਵਿਚ ਆਪਣੇ-ਆਪੇ ਦੀ ਸੋਝੀ ਹੈ।

ਇਸੇ ਸੰਵਾਦ ਨੂੰ ਅੱਗੇ ਚੱਲ ਕੇ ਬਿਸ਼ਨੋਈ ਸਮਾਜ ਦੇ ਗੁਰੂ ਜੀ ਅਤੇ ਸ਼ਾਹ ਹੁਸੈਨ ਨੇ ਇਹਨਾਂ ਮਿਰਗਾਂ ਵਿੱਚੋਂ, ਹਿਰਨਾਂ ਵਿੱਚੋਂ ਉਸ ਹਿਰਨ ਬਾਰੇ ਦੱਸਿਆ ਹੈ, ਜਿਸ ਵਿੱਚ ਇਹ ਕਸਤੂਰੀ ਹੁੰਦੀ ਹੈ। ਉਹਨਾਂ ਨੇ ਇਸ ਦੇ ਲਈ ਕਾਲੇ ਹਿਰਨ ਦੀ ਪਹਿਚਾਣ ਕੀਤੀ। ਉਹਨਾਂ ਇਹ ਦਰਸਾਇਆ ਕਿ ਇਹ ਕਸਤੂਰੀ ਸਾਰਿਆਂ ਵਿੱਚ ਹੀ ਨਹੀਂ ਪਾਈ ਜਾਂਦੀ, ਸਗੋਂ ਬਹੁਤ ਹੀ ਵਿਰਲੇ ਜੀਵ ਵਿੱਚ ਭਾਵ ਕਾਲੇ ਹਿਰਨ ਵਿੱਚ ਪਾਈ ਜਾਂਦੀ ਹੈ। ਭਗਤਾਂ, ਗੁਰੂਆਂ, ਸੂਫ਼ੀ ਫ਼ਕੀਰਾਂ ਦਾ ਇਹ ਸੰਵਾਦ ਉਹਨਾਂ ਦੇ ਗਿਆਨ ਦੀ ਸਰਬ-ਸਾਂਝੀਵਾਲਤਾ ਨੂੰ ਵੀ ਪਰਿਪੱਕ ਕਰਦਾ ਹੈ। ਅੱਜ ਵੀ ਬਿਸ਼ਨੋਈ ਸਮਾਜ ਵਿੱਚ ਕਾਲੇ ਹਿਰਨ ਦੀ ਪੂਜਾ ਕੀਤੀ ਜਾਂਦੀ ਹੈ।15ਵੀਂ ਸਦੀ 'ਚ ਰਾਜਸਥਾਨ 'ਚ ਬਿਸ਼ਨੋਈ ਸਮਾਜ ਦੇ ਮੰਨੇ ਜਾਵਣ ਵਾਲੇ ਗੁਰੂ ਜਮਦੇਸ਼ਵਰ ਜੀ ਸਨ। ਜਿਨਾਂ ਨੇ ਇਸ ਸਮਾਜ ਦੇ ਲੋਕਾਂ ਨੂੰ 29 ਸਿਧਾਂਤ ਦਿੱਤੇ। ਉਹਨਾਂ ਦੇ ਇਹ 29 ਸਿਧਾਂਤ ਉਹਨਾਂ ਦੇ ਬਿਸ਼ਨੋਈ ਸਮਾਜ ਨੂੰ ਵੀ ਪੇਸ਼ ਕਰਦੇ ਹਨ। ਬਿਸ਼ ਮਤਲਬ ਬੀਸ ਨੋਈ ਮਤਲਬ ਨੌ, ਇਸ ਨੂੰ ਬਿਸ਼ਨੋਈ ਕਹਿੰਦੇ ਹਨ। ਇਹਨਾਂ ਸਿਧਾਂਤਾਂ 'ਚ ਉਹਨਾਂ ਨੇ ਲੋਕਾਂ ਨੂੰ ਪਰਿਆਵਰਨ ਦੇ ਨਾਲ ਸੰਬੰਧਿਤ ਸਿੱਖਿਆਵਾਂ ਦਿੱਤੀਆਂ ਸਨ, ਜਿਸ ਵਿੱਚ ਉਹਨਾਂ ਨੇ ਪਸ਼ੂ ਪੰਛੀਆਂ ਦੀ ਸੁਰੱਖਿਆ, ਜੰਗਲਾਂ ਦੀ ਸੁਰੱਖਿਆ, ਪਰਿਆਵਰਨ ਦੀ ਸੁਰੱਖਿਆ, ਰੁੱਖਾਂ ਦੀ ਸੁਰੱਖਿਆ, ਬਾਰੇ ਲੋਕਾਂ ਨੂੰ ਜਾਗਰਿਤ ਕੀਤਾ। ਇਸ ਦੇ ਨਾਲ ਹੀ ਉਹਨਾਂ ਨੇ ਕਾਲੇ ਹਿਰਨ ਨੂੰ ਵਿਸ਼ੇਸ਼ ਤੌਰ 'ਤੇ ਮਾਨਤਾ ਦਿੱਤੀ ਹੈ। ਭਾਰਤ ਦੇ ਉਪ ਮਹਾਦੀਪ ਦੇ ਵਿੱਚ ਪਾਇਆ ਜਾਣ ਵਾਲਾ ਇਹ ਕਾਲਾ ਹਿਰਨ 95% ਦੇ ਕਰੀਬ ਸੀ। ਪਾਕਿਸਤਾਨ ਤੇ ਨੇਪਾਲ ਵਿੱਚ ਵੀ ਕੁਝ ਹੱਦ ਤੱਕ ਇਹ ਪਾਇਆ ਜਾਂਦਾ ਹੈ। ਕਾਲਾ ਹਿਰਨ ਪਹਾੜੀ ਖੇਤਰ ਤੋਂ ਬਚਣ ਦੀ ਕੋਸ਼ਿਸ਼ ਕਰਦਾ ਹੈ। ਮੈਦਾਨੀ, ਹਰੇ ਭਰੇ ਇਲਾਕਿਆਂ ਵਿੱਚ, ਹਰਿਆਲੀ ਵਾਲੇ ਇਲਾਕਿਆਂ ਵਿੱਚ, ਪਾਣੀ ਵਾਲੀ ਥਾਂ 'ਤੇ ਇਸ ਦਾ ਬਸੇਰਾ ਹੁੰਦਾ ਹੈ। ਕਾਲੇ ਹਿਰਨ ਦੀਆਂ ਵਿਸ਼ੇਸ਼ਤਾਵਾਂ ਦੇਖ ਕੇ, ਪ੍ਰਕਿਰਤੀ ਪ੍ਰਤਿ ਉਸ ਦੀ ਸੰਵੇਦਨਸ਼ੀਲਤਾ ਦੇਖ ਕੇ, ਪ੍ਰਕਿਰਤੀ ਪ੍ਰੇਮੀ ਵਜੋਂ ਉਸ ਨੂੰ ਦੇਖ ਕੇ, ਉਹਨਾਂ ਦੇ ਭਾਵ ਬਿਸ਼ਨੋਈ ਸਮਾਜ ਦੇ ਗੁਰੂ ਜੀ ਨੇ ਕਿਹਾ ਸੀ ਕਿ, ਮੈਂ ਅਗਲੇ ਜਨਮ ਵਿੱਚ ਕਾਲੇ ਹਿਰਨ ਦੇ ਰੂਪ ਵਿੱਚ ਆਵਾਂਗਾ ਜਾਂ ਮੈਂ ਅਗਲਾ ਜਨਮ ਕਾਲੇ ਹਿਰਨ ਦੇ ਰੂਪ ਵਿੱਚ ਲੈਣਾ ਚਾਹਾਂਗਾ। ਇਹ ਇੱਕ ਅਜਿਹੀ ਆਸਥਾ, ਸ਼ਰਧਾ, ਭਾਵਨਾ ਦੇ ਨਾਲ ਜੁੜਿਆ ਹੋਇਆ ਸੰਕਲਪ ਹੈ, ਜਿਸ ਕਰਕੇ ਬਿਸ਼ਨੋਈ ਸਮਾਜ ਦੇ ਲੋਕ ਕਾਲੇ ਹਿਰਨ ਨੂੰ ਪੂਜਦੇ ਹਨ।

ਕਾਲੇ ਹਿਰਨ ਦੀ ਆਪਣੇ ਪਰਿਆਵਰਨ ਦੇ ਪ੍ਰਤਿ ਚੇਤਨਾ, ਸੰਵੇਦਨਾ ਨੂੰ ਦੇਖਦੇ ਹੋਏ ਇਥੇ ਸ਼ਾਹ ਹੁਸੈਨ ਨੇ ਰਮਜ਼ ਵਰਤੀ ਹੈ ਕਿ "***ਕਾਲੇ ਹਰਨਾ ਚਰ ਗਇਓ, ਸ਼ਾਹ ਹੁਸੈਨ ਦੇ ਬੰਨੇ***" ਉਹ ਵਿਕਾਰ ਹਨ ਜਿਹਨਾਂ ਨੇ ਮਨੁੱਖ ਅੰਦਰ ਹਨੇਰਾ ਕੀਤਾ ਹੋਇਆ ਹੈ। ਇਸ ਨੂੰ ਅੰਦਰੋਂ ਹੀ ਸਾਫ਼ ਕਰਨ ਦਾ ਢੰਗ ਦੱਸ ਰਹੇ ਹਨ। ਇਸ ਲਈ ਉਹਨਾਂ ਨੇ ਕਾਲੇ ਹਿਰਨ ਨੂੰ ਪ੍ਰਤੀਕ ਵਜੋਂ ਚੁਣਿਆ ਹੈ। ਜਿਵੇਂ

ਕਾਲਾ ਹਿਰਨ ਆਪਣੇ-ਆਪ ਲਈ ਸੰਵੇਦਨਸ਼ੀਲ ਹੈ, ਆਪਣੇ ਅਨੁਕੂਲ ਸਥਿਤੀ ਅਤੇ ਪਰਿਆਵਰਨ ਵਿਚੋਂ ਜ਼ਿੰਦਗੀ ਦਾ ਭੇਦ ਲੱਭ ਲੈਂਦਾ ਹੈ। ਉਸੇ ਤਰ੍ਹਾਂ ਮਨੁੱਖ ਨੂੰ ਵੀ ਲੱਭਣਾ ਚਾਹੀਦਾ ਹੈ, ਕਿਉਂ ਜੋ ਕਾਲਾ ਹਿਰਨ ਆਪਣੇ ਨੈਣਾਂ ਨਾਲ ਵੇਖਦਾ, ਸੁਣਦਾ ਤੇ ਸਮਝਦਾ ਹੈ। ਇਹ ਮਨਮੋਹਣਾ ਤੇ ਪਿਆਰਾ ਲੱਗਣ ਵਾਲਾ ਜੀਵ ਹੈ, ਜਿਹੜਾ ਪ੍ਰਕਿਰਤੀ ਦੀ ਗੋਦ ਵਿੱਚ ਆਪਣੇ-ਆਪ ਨੂੰ ਮਹਿਫ਼ੂਜ਼ ਰੱਖਣ ਲਈ ਕਿਸੇ ਉੱਤੇ ਨਿਰਭਰ ਨਹੀਂ ਕਰਦਾ। ਇਸ ਦੀ ਚੇਤਨਾ ਤੇ ਸੰਵੇਦਨਾ ਇਸ ਨੂੰ ਦੂਸਰੇ ਜੀਵਾਂ ਨਾਲੋਂ ਵੱਖ ਕਰਦੀ ਹੈ। ਇਹ ਜੀਵ ਦੂਸਰਿਆਂ ਦੇ ਸੰਪਰਕ ਵਿੱਚ ਨਹੀਂ ਆਉਂਦਾ, ਸਗੋਂ ਆਪਣੀ ਚੇਤਨਾ ਦੀ ਮਸਤੀ ਵਿੱਚ ਮਸਤ ਰਹਿੰਦਾ ਹੈ। ਇਹ ਉਹੀ ਸੁੰਦਰਤਾ ਵੇਖਦਾ ਹੈ ਜਿਹੜੀ ਇਸ ਨੂੰ ਭਾਉਂਦੀ ਹੈ। ਹੁਸੈਨ ਦਾ ਕਾਲੇ ਹਿਰਨ ਦੇ ਬਿੰਬ ਨੂੰ ਆਪਣੇ ਕਾਵਿ-ਕਲਾਮ ਵਿੱਚ ਲੈ ਕੇ ਆਉਣਾ, ਉਸ ਵੇਲੇ ਦੀ ਮਾਨਤਾ ਨੂੰ ਵੀ ਪੇਸ਼ ਕਰਦਾ ਹੈ ਤੇ ਸ਼ਾਹ ਹੁਸੈਨ ਦੀ ਚੇਤਨਤਾ ਨੂੰ ਵੀ, ਜਿਹੜੀ ਲੋਕਾਈ ਨਾਲ ਧੁਰ ਅੰਦਰ ਤੋਂ ਜੁੜੀ ਹੋਈ ਹੈ।

ਸ਼ਾਹ ਹੁਸੈਨ ਨੇ ਇਸ ਕਾਫ਼ੀ ਵਿੱਚ ਚਾਰ, ਚੋਲੜੀ, ਭਿੰਨੇ ਨੈਣ, ਹਨੇਰੀ ਕੋਠੜੀ, ਮਿੱਤਰ ਤੇ ਕਾਲੇ ਹਿਰਨ ਦੇ ਪ੍ਰਤੀਕ ਰਾਹੀਂ ਸਮੁੱਚੇ ਦਰਸ਼ਨ ਸ਼ਾਸਤਰ ਦੇ ਰੂ-ਬ-ਰੂ ਕਰਵਾਇਆ ਹੈ। ਹਰ ਪ੍ਰਤੀਕ ਆਪਣੇ ਅਰਥਾਂ ਦੀਆਂ ਗਹਿਰੀਆਂ ਪਰਤਾਂ ਨਾਲ ਜੁੜ ਕੇ ਦੂਸਰੇ ਪ੍ਰਤੀਕਾਂ ਦੇ ਨਾਲ ਜੋੜਦਾ ਹੋਇਆ ਉਹਨਾਂ ਦੇ ਅਰਥਾਂ ਨੂੰ ਵਧੇਰੇ ਵਿਆਪਕ ਤੇ ਵਿਸ਼ਾਲ ਅਰਥ ਪ੍ਰਦਾਨ ਕਰਦਾ ਹੈ। ਬਾਰਵੀਂ ਸਦੀ ਤੋਂ ਲੈ ਕੇ 16ਵੀਂ ਸਦੀ ਤੱਕ ਦੇ ਇਹਨਾਂ ਸੰਤਾਂ ਤੇ ਸਾਧਕਾ ਦਾ ਸੰਵਾਦ ਇਹ ਪ੍ਰਗਟਾ ਰਿਹਾ ਹੈ ਕਿ ਆਪਣੇ-ਆਪੇ ਨਾਲ ਜੁੜੋ ਇਹੀ ਮਨੁੱਖ ਦੀ ਮੁਕਤੀ ਦਾ ਮਾਰਗ ਹੈ। ਸੂਫ਼ੀ ਸੰਤਾਂ/ਸਾਧਕਾਂ ਨੇ ਇਸਲਾਮ ਦੇ ਹਰ ਕਰਮਕਾਂਡ ਦਾ ਤਿਆਗ ਕਰਕੇ ਨਿਮਰਤਾ,ਹਲੀਮੀ,ਤਿਆਗ ਦਾ ਮਾਰਗ ਚੁਣਿਆ। ਇਸ ਮਾਰਗ ‘ਤੇ ਚੱਲਣ ਲਈ ਇਨ੍ਹਾਂ ਨੇ ਪ੍ਰੇਮਾ ਭਗਤੀ ਦਾ ਮਾਰਗ ਚੁਣਿਆ। ਜਿਸ ‘ਤੇ ਚੱਲਣ ਲਈ ਦੁਨਿਆਵੀਂ ਇਲਮ,ਰਸਮ,ਰੀਤ ਕੰਮ ਨਹੀਂ ਆਉਂਦੀ ਸਗੋਂ ਆਚਾਰ ‘ਤੇ ਜ਼ੋਰ ਦਿੱਤਾ ਜਾਂਦਾ ਹੈ।ਹੁਸੈਨ ਫ਼ਕੀਰ ਨੇ ਬਾਹਰੀ ਜੀਵਨ ਨਾਲੋਂ ਆਂਤਰਿਕ ਜੀਵਨ ‘ਤੇ ਜ਼ੋਰ ਦਿੱਤਾ।

ਮਨੁੱਖ ਦੇ ਅੰਦਰ ਛੁਪੀ ਹੋਈ ਗਿਆਨ ਦੀ ਕਸਤੂਰੀ ਹੀ ਉਸ ਦਾ ਅਸਲ ਮਿੱਤਰ ਹੈ। ਜਿਵੇਂ ਕਾਲੇ ਹਿਰਨ ਦੇ ਅੰਦਰ ਇਹ ਕਸਤੂਰੀ ਉਸ ਦੇ ਅੰਦਰਲੇ ਗੁਣਾਂ ਕਾਰਨ ਪ੍ਰਗਟ ਹੋਈ ਹੈ। ਉਹ ਪ੍ਰਕਿਰਤੀ ਪ੍ਰੇਮੀ ਹੈ। ਆਪਣੇ-ਆਪ ਨੂੰ ਪ੍ਰਕਿਰਤੀ ਦੀ ਗੋਦ ਵਿੱਚ ਸੁਰੱਖਿਅਤ ਸਮਝਦਾ ਹੈ। ਦੂਸਰੇ ਜਾਨਵਰਾਂ ਨੂੰ ਕਸ਼ਟ ਨਹੀਂ ਦਿੰਦਾ ਤੇ ਨਾ ਹੀ ਉਹਨਾਂ ਦਾ ਸ਼ਿਕਾਰ ਕਰਦਾ ਹੈ। ਕਾਲਾ ਹਿਰਨ ਕਸਤੂਰੀ ਦੀ ਸੁਗੰਧ ਵਿੱਚ ਦਿਨ-ਰਾਤ ਮਸਤ ਰਹਿੰਦਾ ਹੈ। ਉਸ ਦੀ ਇਹ ਮਧੁਰ ਸੁਗੰਧੀ ਸਮੁੱਚੇ ਵਾਤਾਵਰਨ ਨੂੰ ਮਹਿਕਾ ਦਿੰਦੀ ਹੈ। ਠੀਕ ਇਸੇ ਤਰ੍ਹਾਂ ਭਗਤੀ ਅਤੇ ਬੰਦਗੀ ਦੀ ਸਾਕਾਰਤਮਕ ਊਰਜਾ ਦੂਰ-ਦੂਰ ਤੱਕ ਫ਼ੈਲ ਜਾਂਦੀ ਹੈ। ਹੁਸੈਨ ਫ਼ਕੀਰ ਕਹਿ ਰਿਹਾ ਹੈ ਕਿ ਆਪਣੇ ਅੰਦਰ ਗਿਆਨ, ਪ੍ਰੇਮ, ਆਸ਼ਕ ਤੇ ਇਸ਼ਕ ਦੀ ਸੁਗੰਧੀ ਦੀ ਕਸਤੂਰੀ ਪੈਦਾ ਕਰੋ ਤੇ ਸਮਾਜ ਨੂੰ ਸੁਗੰਧ ਨਾਲ ਭਰ ਦਿਓ। ਜਿਸ ਕਸਤੂਰੀ ਦੀ ਪ੍ਰਾਪਤੀ ਲਈ ਤੁਸੀਂ ਇਸ ਨਿਰਦੋਸ਼ ਤੇ ਭੋਲੇ ਜੀਵ ਨੂੰ ਮਾਰ ਰਹੇ ਹੋ, ਇਸ ਨੂੰ ਮਾਰਨ ਦੀ ਬਜਾਇ ਆਪਣੇ ਅੰਦਰਲੇ ਵਿਕਾਰ, ਲੋਭ, ਲਾਲਚ, ਲਾਲਸਾ, ਲਲਕ ਕਾਮ, ਕ੍ਰੋਧ, ਮੋਹ, ਹੰਕਾਰ ਆਦਿ ਨੂੰ ਮਾਰੋ। ਇਹਨਾਂ ਸਭ ਵਿਕਾਰਾਂ ਨੂੰ ਮਾਰੋਗੇ ਤਾਂ ਇਹ ਕਸਤੂਰੀ ਅੰਦਰੋਂ ਹੀ ਪ੍ਰਾਪਤ ਹੋ ਜਾਏਗੀ। ਮਨੁੱਖ ਦੇ ਅੰਦਰਲੇ ਗਿਆਨ ਦੀ ਕਸਤੂਰੀ ਹੀ ਵਾਸਤਵ ਵਿੱਚ ਉਸ ਦੇ ਭਿੰਨੇ ਨੈਣਾ ਦਾ ਤੋੜ ਹੈ।

ਹੁਸੈਨ ਨੇ ਆਪਣੀ ਇਸ ਕਾਫ਼ੀ ਵਿੱਚ ਔਰਤ ਦੀ ਪੀੜਾ ਦੇ ਵਿਯੋਗ ਦਾ ਕਾਰਨ ਦੱਸਦਾ ਹੈ। ਵਿਜੋਗ ਦਾ ਕਾਰਨ ਮਨੁੱਖੀ ਵਿਕਾਰ ਹਨ ਜਿਹੜੇ ਚਾਰ ਦੇ ਭਰਮ ਨੇ ਪੈਦਾ ਕੀਤੇ ਹਨ। ਹਸੈਨ ਇਹਨਾਂ ਦਾ ਭਰਮ-ਭੰਜਨ ਕਰ ਰਿਹਾ ਹੈ ਤੇ ਅਧਿਆਤਮਕਤਾ ਦਾ ਸਮਾਜਿਕਤਾ ਨਾਲ ਸਮਨਵੈਂ ਕਰਵਾ ਕੇ ਉਸ ਦੇ ਨਿਵਾਰਨ ਦਾ ਮਾਡਲ ਪੇਸ਼ ਕਰਦਾ ਹੈ। ਇਸ ਮਾਡਲ ਲਈ ਉਸ ਨੇ ਕਾਲੇ ਹਿਰਨ ਦੀ ਚੋਣ ਕੀਤੀ ਹੈ। ਕਾਲੇ ਹਿਰਨ ਦੀ ਚੇਤਨਾ ਤੇ ਸੰਵੇਦਨਾ ਉਸ ਦੇ ਹਰ ਦੁੱਖ-ਦਰਦ ਅਤੇ ਵਿਕਾਰਾਂ ਨੂੰ ਨਸ਼ਟ ਕਰਦੀ ਹੈ। ਵਿਕਾਰਾਂ ਨੇ ਸਾਰੀ ਦਾਸਤਾ ਭਿੰਨੇ ਨੈਣਾਂ ਦੇ ਜ਼ਰੀਏ ਬਿਆਨ ਕੀਤੀ ਹੈ। ਵਿਕਾਰਾਂ ਦੇ ਇਸ ਹਨੇਰੇ ਦਾ ਤੋੜ ਚਾਨਣ ਹੈ। ਚਾਨਣ, ਗਿਆਨ, ਰੌਸ਼ਨੀ, ਉਜਾਲਾ ਸੱਚਾ ਦੋਸਤ ਹੈ। ਮਿੱਤਰ ਮਨੁੱਖ ਨੇ ਆਪਣਾ-ਆਪ ਬਣਨਾ ਹੈ। ਆਪ ਬਣਨ ਦੀ ਮਿਸਾਲ ਹੁਸੈਨ ਨੇ ਕਾਲੇ ਹਿਰਨ ਦੇ ਰੂਪ ਵਿੱਚ ਦਿੱਤੀ ਹੈ। ਕਾਲੇ ਹਿਰਨ ਦੇ ਗੁਣ, ਚੇਤਨਾ, ਸੰਵੇਦਨਾ, ਕੋਮਲਤਾ, ਪ੍ਰਕਿਰਤੀ, ਪ੍ਰਤਿ ਉਸ ਦੀ ਸੁਹਿਰਦਤਾ ਹੀ ਉਸ ਦਾ ਚਾਨਣ ਹੈ। ਹੁਸੈਨ ਫ਼ਕੀਰ ਨੇ ਇੱਥੇ ਹਿਰਨ ਦੀ ਮਸਤੀ ਨੂੰ ਗਾਉਣ ਸੁਰ ‘ਚ ਦਰਸਾਇਆ ਹੈ। ਇਸ ਨੂੰ ਅਮਲੀ ਪੱਧਰ ‘ਤੇ ਪੇਸ਼ ਕੀਤਾ ਹੈ। ਇਹ ਵਾਸਤਵਿਕਤਾ ਸਮਾਜਿਕਤਾ ਨਾਲੋਂ ਨਿਖੜਵੀਂ ਵੀ ਨਹੀਂ ਹੈ ਅਤੇ ਨਿਖੇੜੀ ਵੀ ਨਹੀਂ ਜਾ ਸਕਦੀ ਸਗੋਂ ਉਸ ਦੀ ਜਟਿਲਤਾ ‘ਚ ਵਿਦਮਾਨ ਹੈ। ਇਸ ਜਟਿਲਤਾ ਨੂੰ ਸਰਲਤਾ ਰਾਹੀਂ ਪੇਸ਼ ਕਰਨ ਲਈ ਕਾਲੇ ਹਿਰਨ ਦਾ ਪ੍ਰਤੀਕ ਚੁਣਿਆ ਹੈ ਜੋ

ਕਿ ਹੁਸੈਨ ਫ਼ਕੀਰ ਦੀ ਕਾਵਿ-ਕਲਾ ਦੀ ਸਿਰਜਣਾਤਮਕ ਪ੍ਰਤਿਭਾ ਨੂੰ ਪੇਸ਼ ਕਰਦਾ ਹੈ। ਇਉਂ ਆਖਿਆ ਜਾ ਸਕਦਾ ਹੈ ਕਿ ਇਸ ਕਾਫ਼ੀ ਵਿੱਚ ਚਾਰ ਸਦੀਆਂ ਦੇ ਆਪਸੀ ਸੰਵਾਦ ਨੂੰ ਸੁਹਜਾਤਮਕ ਸੰਚਾਰ ਰਾਹੀਂ ਪੇਸ਼ ਕੀਤਾ ਗਿਆ ਹੈ।

## *ਹਵਾਲੇ ਅਤੇ ਟਿੱਪਣੀਆਂ*


1. *ਮੋਹਨ ਸਿੰਘ ਉਬਰਾਇ ਦੀਵਾਨਾ, ਕਾਫ਼ੀਆਂ ਸ਼ਾਹ ਹੁਸੈਨ ਰਚਨਾ ਨਰੀਖਣ ਅਤੇ ਵਿਚਾਰ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1988, ਪੰਨਾ: 51.*
2. *-ਉਹੀ-, ਪੰਨਾ: 87.*
3. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ: 1382*
4. *-ਉਹੀ-, ਪੰਨਾ: 1372.*
5. *-ਉਹੀ-, ਪੰਨਾ: 644.*